# Punjab Government Gazette

## EXTRAORDINARY

*Published by Authority*

CHANDIGARH, FRIDAY, MAY 22, 2026
(JYAISTHA 1, 1948 SAKA)


ਵਿਧਾਨਕ ਅਨੁਪੂਰਕ


| | ਮਜ਼ਮੂਨ | ਪੰਨੇ |
|---|---|---|
| **ਭਾਗ I** | **ਐਕਟ** | |
| | 1. ਪੰਜਾਬ ਪੰਚਾਇਤਾਂ ਅਤੇ ਨਗਰਪਾਲਿਕਾਵਾਂ ਵਿੱਤ ਕਮਿਸ਼ਨ ਐਕਟ, 1994 (1994 ਦਾ ਪੰਜਾਬ ਐਕਟ ਨੰ. 8) | ...621-626 |
| | 2. ਪੰਜਾਬ ਸਫ਼ਰ ਪੇਸ਼ਾਵਰਾਨਾ ਵਿਨਿਯਮਨ ਐਕਟ, 2012 (2013 ਦਾ ਪੰਜਾਬ ਐਕਟ ਨੰ. 2) | ...627-639 |
| **ਭਾਗ II** | **ਆਰਡੀਨੈਂਸ** | |
| | *ਕੋਈ ਨਹੀਂ* | |
| **ਭਾਗ III** | **ਅਧੀਨ ਵਿਧਾਨਕਾਰੀ** | |
| | *ਕੋਈ ਨਹੀਂ* | |
| **ਭਾਗ IV** | **ਦਰੁਸਤੀ ਪਰਚੀਆਂ, ਪੁਨਰ ਪ੍ਰਕਾਸ਼ਨਾਵਾਂ ਅਤੇ ਬਦਲੇ ਪੰਨੇ** | |
| | *ਕੋਈ ਨਹੀਂ* | |


———

ਭਾਗ-1

**ਪੰਜਾਬ ਸਰਕਾਰ**

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 22 ਮਈ, 2026

ਨੰ. 42/ਭ:ਕ/2026.- ਪੰਜਾਬ ਪੰਚਾਇਤਾਂ ਅਤੇ ਨਗਰਪਾਲਿਕਾਵਾਂ ਵਿੱਤ ਕਮਿਸ਼ਨ ਐਕਟ, 1994 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ. 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ ।

DEPARTMENT OF LEGAL AND LEGISLATIVE AFFAIRS

**NOTIFICATION**

The 22nd May, 2026

**No. 42/L.C./2026.-** The Translation in Punjabi of the Punjab Finance Commission for Panchayats and Municipalities Act, 1994 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No.5 of 1967)

ਪੰਜਾਬ ਪੰਚਾਇਤਾਂ ਅਤੇ ਨਗਰਪਾਲਿਕਾਵਾਂ ਵਿੱਤ ਕਮਿਸ਼ਨ ਐਕਟ, 1994

(1994 ਦਾ ਪੰਜਾਬ ਐਕਟ ਨੰ: 8)

ਰਾਜ ਵਿੱਚ ਪੰਚਾਇਤਾਂ ਅਤੇ ਨਗਰਪਾਲਿਕਾਵਾਂ ਦੀ ਵਿੱਤੀ ਸਥਿਤੀ ਦੀ ਨਜ਼ਰਸਾਨੀ ਕਰਨ ਲਈ ਅਤੇ ਭਾਰਤ ਦੇ ਸੰਵਿਧਾਨ ਦੇ ਅਨੁਛੇਦ 243-ਘ ਅਤੇ ਅਨੁਛੇਦ 243-ਨ ਦੇ ਉਪਬੰਧਾਂ ਦੇ ਨਿਬੰਧਨਾਂ ਅਨੁਸਾਰ ਸਿਫ਼ਾਰਸ਼ਾਂ ਕਰਨ ਲਈ ਰਾਜ ਵਿੱਤ ਕਮਿਸ਼ਨ ਦੇ ਗਠਨ ਲਈ ਉਪਬੰਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਪੰਤਾਲੀਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

ਸੰਖੇਪ ਨਾਂ ਅਤੇ ਅਰੰਭ।

1. (1) ਇਸ ਐਕਟ ਨੂੰ ਪੰਜਾਬ ਪੰਚਾਇਤਾਂ ਅਤੇ ਨਗਰਪਾਲਿਕਾਵਾਂ ਵਿੱਤ ਕਮਿਸ਼ਨ ਐਕਟ, 1994 ਕਿਹਾ ਜਾ ਸਕੇਗਾ।

(2) ਇਹ ਤੁਰੰਤ ਨਾਫ਼ਜ਼ ਹੋਵੇਗਾ।

ਪਰਿਭਾਸ਼ਾਵਾਂ।

2. ਇਸ ਐਕਟ ਵਿੱਚ, ਜੇ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,-

(ੳ) "ਵਿੱਤ ਕਮਿਸ਼ਨ" ਦਾ ਮਤਲਬ ਹੈ ਇਸ ਐਕਟ ਦੀ ਧਾਰਾ 3 ਦੇ ਅਧੀਨ ਗਠਤ ਕੀਤਾ ਗਿਆ ਪੰਜਾਬ ਪੰਚਾਇਤਾਂ ਅਤੇ ਨਗਰਪਾਲਿਕਾਵਾਂ ਵਿੱਤ ਕਮਿਸ਼ਨ;

(ਅ) "ਰਾਜਪਾਲ" ਦਾ ਮਤਲਬ ਹੈ ਪੰਜਾਬ ਰਾਜ ਦਾ ਰਾਜਪਾਲ;

(ੲ) "ਮੈਂਬਰ" ਦਾ ਮਤਲਬ ਹੈ ਵਿੱਤ ਕਮਿਸ਼ਨ ਦਾ ਮੈਂਬਰ ਅਤੇ ਇਸ ਵਿੱਚ ਇਸ ਦਾ ਚੇਅਰਮੈਨ ਸ਼ਾਮਲ ਹੈ;

(ਸ) "ਨਗਰਪਾਲਿਕਾ" ਅਤੇ "ਪੰਚਾਇਤ" ਪਦਾਂ ਦੇ ਉਹੀ ਮਤਲਬ ਹੋਣਗੇ ਜੋ ਉਨ੍ਹਾਂ ਨੂੰ ਭਾਰਤ ਦੇ ਸੰਵਿਧਾਨ ਦੇ ਅਨੁਛੇਦ 243 ਅਧੀਨ ਦਿੱਤੇ ਗਏ ਹਨ;

(ਹ) "ਮੁਕੱਰਰ" ਦਾ ਮਤਲਬ ਹੈ ਇਸ ਐਕਟ ਦੇ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਮੁਕੱਰਰ;

(ਕ) "ਰਾਜ ਸਰਕਾਰ" ਦਾ ਮਤਲਬ ਹੈ ਪੰਜਾਬ ਰਾਜ ਦੀ ਰਾਜ ਸਰਕਾਰ।

ਵਿੱਤ ਕਮਿਸ਼ਨ ਦਾ ਗਠਨ।

3. (1) ਸੰਵਿਧਾਨ (ਤਿਹੱਤਰਵੀਂ ਸੋਧ) ਐਕਟ, 1992 ਦੇ ਅਰੰਭ ਹੋਣ ਤੋਂ ਇੱਕ ਸਾਲ ਦੇ ਅੰਦਰ ਅਤੇ ਇਸ ਤੋਂ ਬਾਅਦ ਹਰ ਪੰਜਵੇਂ ਸਾਲ ਦੇ ਗੁਜ਼ਰਨ ਤੇ ਜਿੰਨੀ ਛੇਤੀ ਹੋ ਸਕੇ, ਪੰਜਾਬ ਦਾ ਰਾਜਪਾਲ ਅਧਿਸੂਚਨਾ ਦੁਆਰਾ, ਪੰਚਾਇਤਾਂ ਅਤੇ ਨਗਰਪਾਲਿਕਾਵਾਂ ਦੀ ਆਰਥਿਕ ਸਥਿਤੀ ਦੀ ਨਜ਼ਰਸਾਨੀ ਕਰਨ ਲਈ ਅਤੇ ਭਾਰਤ ਦੇ ਸੰਵਿਧਾਨ ਦੇ ਅਨੁਛੇਦ 243-ਘ ਅਤੇ ਅਨੁਛੇਦ 243-ਨ ਦੇ ਉਪਬੰਧਾਂ ਦੇ ਨਿਬੰਧਨਾਂ ਅਨੁਸਾਰ ਸਿਫ਼ਾਰਸ਼ਾਂ ਕਰਨ ਲਈ ਪੰਜਾਬ ਪੰਚਾਇਤਾਂ ਅਤੇ ਨਗਰਪਾਲਿਕਾਵਾਂ ਵਿੱਤ ਕਮਿਸ਼ਨ ਕਹਾਉਣ ਵਾਲਾ ਵਿੱਤ ਕਮਿਸਨ ਗਠਤ ਕਰੇਗਾ।

(2) ਉਪ-ਧਾਰਾ (1) ਅਧੀਨ ਗਠਤ ਕੀਤਾ ਗਿਆ ਵਿੱਤ ਕਮਿਸ਼ਨ ਪੰਜਾਬ ਦੇ ਗਵਰਨਰ ਦੁਆਰਾ ਨਿਯੁਕਤ ਕੀਤੇ ਜਾਣ ਵਾਲੇ ਚੇਅਰਮੈਨ ਅਤੇ ਚਾਰ ਹੋਰ ਮੈਂਬਰਾਂ ਤੋਂ ਮਿਲ ਕੇ ਬਣੇਗਾ।

(3) ਵਿੱਤ ਕਮਿਸ਼ਨ ਦਾ ਮੁੱਖ ਦਫ਼ਤਰ ਚੰਡੀਗੜ੍ਹ ਵਿਖੇ ਜਾਂ ਅਜਿਹੇ ਹੋਰ ਸਥਾਨ ਵਿਖੇ ਹੋਵੇਗਾ ਜਿਵੇਂ ਰਾਜ ਸਰਕਾਰ ਵੱਲੋਂ ਸਮੇਂ ਸਮੇਂ ਤੇ ਅਧਿਸੂਚਿਤ ਕੀਤਾ ਜਾਵੇ।

ਵਿੱਤ ਕਮਿਸ਼ਨ ਦੇ ਚੇਅਰਮੈਨ ਅਤੇ ਮੈਂਬਰਾਂ ਵਜੋਂ ਨਿਯੁਕਤੀ ਲਈ ਕਾਬਲੀਅਤਾਂ।

4. ਵਿੱਤ ਕਮਿਸ਼ਨ ਦੇ ਚੇਅਰਮੈਨ ਵਜੋਂ ਨਿਯੁਕਤ ਕੀਤੇ ਜਾਣ ਵਾਲੇ ਵਿਅਕਤੀ ਕੋਲ ਲੋਕ ਕਾਰ-ਵਿਹਾਰ ਵਿੱਚ ਤਜਰਬਾ ਹੋਵੇਗਾ ਅਤੇ ਇਸ ਦੇ ਮੈਂਬਰਾਂ ਵਜੋਂ ਨਿਯੁਕਤ ਕੀਤੇ ਜਾਣ ਵਾਲੇ ਵਿਅਕਤੀਆਂ-

(ੳ) ਕੋਲ ਪੰਚਾਇਤਾਂ ਨਾਲ ਸਬੰਧਤ ਆਰਥਿਕ ਅਤੇ ਵਿੱਤੀ ਮਾਮਲਿਆਂ ਬਾਰੇ ਵਿਸ਼ੇਸ਼ ਗਿਆਨ ਅਤੇ ਤਜਰਬਾ ਹੋਵੇਗਾ; ਜਾਂ

(ਅ) ਕੋਲ ਨਗਰਪਾਲਿਕਾਵਾਂ ਨਾਲ ਸਬੰਧਤ ਆਰਥਿਕ ਅਤੇ ਵਿੱਤੀ ਮਾਮਲਿਆਂ ਬਾਰੇ ਵਿਸ਼ੇਸ਼ ਗਿਆਨ ਅਤੇ ਤਜਰਬਾ ਹੋਵੇਗਾ; ਜਾਂ

(ੲ) ਕੋਲ ਵਿੱਤੀ ਮਾਮਲਿਆਂ ਵਿੱਚ ਅਤੇ ਪ੍ਰਸ਼ਾਸਨ ਵਿੱਚ ਵਿਸ਼ਾਲ ਤਜਰਬਾ ਹੋਵੇਗਾ; ਜਾਂ

(ਸ) ਕੋਲ ਅਰਥ-ਸ਼ਾਸਤਰ ਦਾ ਵਿਸ਼ੇਸ਼ ਗਿਆਨ ਹੋਵੇਗਾ।

5. (1) ਕਿਸੇ ਵਿਅਕਤੀ ਨੂੰ ਵਿੱਤ ਕਮਿਸ਼ਨ ਦਾ ਚੇਅਰਮੈਨ ਜਾਂ ਮੈਂਬਰ ਵਜੋਂ ਨਿਯੁਕਤ ਕਰਨ ਤੋਂ ਪਹਿਲਾਂ, ਗਵਰਨਰ ਆਪਣੇ ਆਪ ਦੀ ਤਸੱਲੀ ਕਰੇਗਾ ਕਿ ਇਸ ਤਰ੍ਹਾਂ ਨਿਯੁਕਤ ਕੀਤੇ ਜਾਣ ਵਾਲੇ ਵਿਅਕਤੀ ਦਾ ਕੋਈ ਵਿੱਤੀ ਜਾਂ ਕੋਈ ਹੋਰ ਹਿੱਤ ਨਹੀਂ ਹੈ ਜਿਸ ਨਾਲ ਵਿੱਤ ਕਮਿਸ਼ਨ ਦੇ ਚੇਅਰਮੈਨ ਜਾਂ ਮੈਂਬਰ ਵਜੋਂ ਉਸ ਦੇ ਕਾਜਕਾਰਾਂ ਤੇ ਪ੍ਰਤੀਕੂਲ ਪ੍ਰਭਾਵ ਪੈਣ ਦੀ ਸੰਭਾਵਨਾ ਹੈ। ਵਿੱਤੀ ਜਾਂ ਹੋਰ ਹਿੱਤ ਰੱਖਦੇ ਵਿਅਕਤੀਆਂ ਨੂੰ ਵਿੱਤ ਕਮਿਸ਼ਨ ਦੇ ਮੈਂਬਰ ਵਜੋਂ ਨਿਯੁਕਤ ਨ ਕੀਤਾ ਜਾਣਾ।

(2) ਵਿੱਤ ਕਮਿਸ਼ਨ ਦੇ ਚੇਅਰਮੈਨ ਅਤੇ ਮੈਂਬਰਾਂ ਦੀ ਨਿਯੁਕਤੀ ਤੋਂ ਪਿੱਛੋਂ, ਰਾਜਪਾਲ ਸਮੇਂ ਸਮੇਂ 'ਤੇ ਵੀ ਵਿੱਤ ਕਮਿਸ਼ਨ ਦੇ ਚੇਅਰਮੈਨ ਅਤੇ ਮੈਂਬਰਾਂ ਦੇ ਬਾਰੇ ਵਿੱਚ ਆਪਣੇ ਆਪ ਦੀ ਤਸੱਲੀ ਕਰੇਗਾ ਕਿ ਉਨ੍ਹਾਂ ਦਾ ਕੋਈ ਵਿੱਤੀ ਜਾਂ ਕੋਈ ਹੋਰ ਹਿੱਤ ਨਹੀਂ ਹੈ ਜਿਸ ਨਾਲ ਵਿੱਤ ਕਮਿਸ਼ਨ ਦੇ ਚੇਅਰਮੈਨ ਜਾਂ ਮੈਂਬਰ ਵਜੋਂ ਉਨ੍ਹਾਂ ਦੇ ਕਾਜਕਾਰਾਂ ਤੇ ਪ੍ਰਤੀਕੂਲ ਪ੍ਰਭਾਵ ਪੈਣ ਦੀ ਸੰਭਾਵਨਾ ਹੋਵੇ ਅਤੇ ਉਸ ਪ੍ਰਯੋਜਨ ਲਈ ਰਾਜਪਾਲ ਆਪਣੇ ਆਪ ਦੀ ਤਸੱਲੀ ਕਰਨ ਦੇ ਵਿਚਾਰ ਨਾਲ ਕਿ ਚੇਅਰਮੈਨ ਜਾਂ ਮੈਂਬਰਾਂ ਦੇ ਅਜਿਹੇ ਹਿੱਤ ਹਨ, ਚੇਅਰਮੈਨ ਅਤੇ ਮੈਂਬਰਾਂ ਤੋਂ ਅਜਿਹੀ ਜਾਣਕਾਰੀ ਉਸ ਨੂੰ ਦੇਣ ਦੀ ਲੋੜਨਾ ਕਰ ਸਕੇਗਾ ਜਿਵੇਂ ਉਹ ਜ਼ਰੂਰੀ ਸਮਝਦਾ ਹੈ।

6. ਕੋਈ ਵਿਅਕਤੀ ਵਿੱਤ ਕਮਿਸ਼ਨ ਦਾ ਮੈਂਬਰ ਨਿਯੁਕਤ ਕੀਤੇ ਜਾਣ ਲਈ ਜਾਂ ਮੈਂਬਰ ਬਣੇ ਰਹਿਣ ਲਈ ਨਾਕਾਬਲ ਹੋਵੇਗਾ– ਵਿੱਤ ਕਮਿਸ਼ਨ ਦਾ ਮੈਂਬਰ ਹੋਣ ਦੇ ਨਾਤੇ ਨਾਕਾਬਲੀਅਤਾਂ।

(ੳ) ਜੇ ਉਹ ਵਿਗੜ-ਚਿੱਤ ਹੈ;

(ਅ) ਜੇ ਉਹ ਅਮੁੱਕਤ ਦਿਵਾਲੀਆ ਹੈ;

(ੲ) ਜੇ ਉਹ ਕਿਸੇ ਸਦਾਚਾਰਕ ਗਿਰਾਵਟ ਵਾਲੇ ਅਪਰਾਧ ਲਈ ਸਿੱਧ-ਦੋਸ਼ ਠਹਿਰਾਇਆ ਜਾਂਦਾ ਹੈ; ਜਾਂ

(ਸ) ਜੇ ਉਹ ਅਜਿਹਾ ਵਿੱਤੀ ਜਾਂ ਕੋਈ ਹੋਰ ਹਿੱਤ ਰੱਖਦਾ ਹੈ ਜਿਸ ਨਾਲ ਵਿੱਤ ਕਮਿਸ਼ਨ ਦੇ ਮੈਂਬਰ ਵਜੋਂ ਉਸ ਦੇ ਕਾਜਕਾਰਾਂ ਤੇ ਪ੍ਰਤੀਕੂਲ ਪ੍ਰਭਾਵ ਪੈਣ ਦੀ ਸੰਭਾਵਨਾ ਹੈ।

7. ਵਿੱਤ ਕਮਿਸ਼ਨ ਦਾ ਹਰੇਕ ਮੈਂਬਰ ਅਜਿਹੀ ਅਉਧ ਲਈ ਅਹੁਦਾ ਧਾਰਨ ਕਰੇਗਾ, ਜੋ ਰਾਜਪਾਲ ਵੱਲੋਂ ਉਸ ਨਾਤੇ ਉਸ ਦੀ ਨਿਯੁਕਤੀ ਦੇ ਹੁਕਮ ਵਿੱਚ ਉਲਿਖਤ ਕੀਤੀ ਜਾਵੇ, ਪਰ ਉਹ ਮੁੜ-ਨਿਯੁਕਤੀ ਲਈ ਪਾਤਰ ਹੋਵੇਗਾ: ਮੈਂਬਰਾਂ ਦੇ ਅਹੁਦੇ ਦੀ ਅਉਧ।

ਪਰੰਤੂ ਉਹ, ਰਾਜਪਾਲ ਨੂੰ ਸੰਬੋਧਿਤ ਪੱਤਰ ਦੁਆਰਾ, ਆਪਣੇ ਨਿਯੁਕਤੀ ਪੱਤਰ ਵਿੱਚ ਉਲਿਖਤ ਮੁੱਦਤ ਤੋਂ ਪਹਿਲਾਂ ਕਿਸੇ ਵੀ ਸਮੇਂ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਸਕੇਗਾ।

8. ਵਿੱਤ ਕਮਿਸ਼ਨ ਦਾ ਚੇਅਰਮੈਨ ਅਤੇ ਮੈਂਬਰ ਵਿੱਤ ਕਮਿਸ਼ਨ ਨੂੰ ਪੂਰਨਕਾਲੀ ਜਾਂ ਅੰਸ਼ਕਾਲੀ ਸੇਵਾ ਪ੍ਰਦਾਨ ਕਰੇਗਾ ਜਿਵੇਂ ਰਾਜਪਾਲ ਹਰੇਕ ਮਾਮਲੇ ਵਿੱਚ ਉਲਿਖਤ ਕਰੇ ਅਤੇ ਵਿੱਤ ਕਮਿਸ਼ਨ ਦੇ ਚੇਅਰਮੈਨ ਅਤੇ ਮੈਂਬਰਾਂ ਨੂੰ ਅਜਿਹੀਆਂ ਫ਼ੀਸਾਂ ਜਾਂ ਤਨਖਾਹਾਂ ਅਤੇ ਅਜਿਹੇ ਭੱਤੇ ਅਦਾ ਕੀਤੇ ਜਾਣਗੇ ਜਿਵੇਂ ਰਾਜ ਸਰਕਾਰ ਸਮੇਂ ਸਮੇਂ 'ਤੇ ਮੁਕੱਰਰ ਕਰੇ। ਮੈਂਬਰਾਂ ਦੀਆਂ ਸੇਵਾ ਦੀਆਂ ਸ਼ਰਤਾਂ ਅਤੇ ਤਨਖਾਹਾਂ ਅਤੇ ਭੱਤੇ।

ਵਿੱਤ ਕਮਿਸ਼ਨ ਦੇ ਕਾਜਕਾਰ।

9. ਵਿੱਤ ਕਮਿਸ਼ਨ ਪੰਚਾਇਤਾਂ ਅਤੇ ਨਗਰਪਾਲਿਕਾਵਾਂ ਦੀ ਵਿੱਤੀ ਸਥਿਤੀ ਦੀ ਨਜ਼ਰਸਾਨੀ ਕਰੇਗਾ ਅਤੇ ਰਾਜਪਾਲ ਨੂੰ-

(ੳ) ਪੰਚਾਇਤਾਂ ਦੇ ਮਾਮਲੇ ਵਿੱਚ-

(ੳ) ਉਨ੍ਹਾਂ ਸਿੱਧਾਂਤਾਂ ਬਾਬਤ ਜੋ-

(i) ਰਾਜ ਅਤੇ ਪੰਚਾਇਤਾਂ ਵਿਚਕਾਰ ਰਾਜ ਦੁਆਰਾ ਲਗਾਉਣਯੋਗ ਕਰਾਂ, ਮਸੂਲਾਂ, ਟੋਲਾਂ ਅਤੇ ਫ਼ੀਸਾਂ ਦੀਆਂ ਨਿਰੋਲ ਵੱਟਕਾਂ ਦੀ ਵੰਡ, ਜੋ ਉਨ੍ਹਾਂ ਵਿਚਕਾਰ ਵੰਡੀ ਜਾ ਸਕਦੀ ਹੈ, ਅਤੇ ਅਜਿਹੀਆਂ ਵੱਟਕਾਂ ਦੇ ਉਨ੍ਹਾਂ ਦੇ ਆਪੋ ਆਪਣੇ ਹਿੱਸੇ ਦੀ ਸਾਰੇ ਪੱਧਰਾਂ ਤੇ ਪੰਚਾਇਤਾਂ ਵਿਚਕਾਰ ਟਿੱਕਣ;

(ii) ਉਨ੍ਹਾਂ ਕਰਾਂ, ਮਸੂਲਾਂ, ਟੋਲਾਂ ਅਤੇ ਫੀਸਾਂ ਦਾ ਨਿਰਧਾਰਣ ਜੋ ਪੰਚਾਇਤਾਂ ਨੂੰ ਸੌਂਪੇ ਜਾ ਸਕਦੇ ਹਨ ਜਾਂ ਉਨ੍ਹਾਂ ਵੱਲੋਂ ਨਮਿੱਤਣ ਕੀਤੇ ਜਾ ਸਕਦੇ ਹਨ; ਅਤੇ

(iii) ਰਾਜ ਦੇ ਸੰਚਿਤ ਫ਼ੰਡ ਵਿੱਚੋਂ ਪੰਚਾਇਤਾਂ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਗ੍ਰਾਂਟ;

ਸ਼ਾਸਤ ਕਰਨਗੇ;

(ਅ) ਪੰਚਾਇਤਾਂ ਦੀ ਵਿੱਤੀ ਸਥਿਤੀ ਨੂੰ ਸੁਧਾਰਨ ਲਈ ਲੋੜੀਂਦੇ ਉਪਾਅ; ਅਤੇ

(ੲ) ਪੰਚਾਇਤਾਂ ਦੇ ਪੱਕੇਰੀ ਵਿੱਤ ਦੇ ਹਿੱਤਾਂ ਵਿੱਚ ਰਾਜਪਾਲ ਵੱਲੋਂ ਵਿੱਤ ਕਮਿਸ਼ਨ ਨੂੰ ਭੇਜੇ ਗਏ ਕਿਸੇ ਹੋਰ ਮਾਮਲੇ ਬਾਰੇ,

ਸਿਫ਼ਾਰਸਾਂ ਕਰੇਗਾ;

(ਅ) ਨਗਰਪਾਲਿਕਾਵਾਂ ਦੇ ਬਾਰੇ ਵਿੱਚ-

(ੳ) ਉਨ੍ਹਾਂ ਸਿਧਾਂਤਾਂ ਬਾਬਤ ਜੋ-

(i) ਰਾਜ ਅਤੇ ਨਗਰਪਾਲਿਕਾਵਾਂ ਵਿਚਕਾਰ ਰਾਜ ਦੁਆਰਾ ਲਗਾਉਣਯੋਗ ਕਰਾਂ, ਮਸੂਲਾਂ, ਟੋਲਾਂ ਅਤੇ ਫ਼ੀਸਾਂ ਦੀਆਂ ਨਿਰੋਲ ਵੱਟਕਾਂ ਦੀ ਵੰਡ ਜੋ ਇਸ ਐਕਟ ਦੇ ਅਧੀਨ ਉਨ੍ਹਾਂ ਵਿਚਕਾਰ ਵੰਡੀ ਜਾ ਸਕਦੀ ਹੈ ਅਤੇ ਅਜਿਹੀਆਂ ਵੱਟਕਾਂ ਦੇ ਉਨ੍ਹਾਂ ਦੇ ਆਪੋ ਆਪਣੇ ਹਿੱਸੇ ਦੀ ਸਾਰੇ ਪੱਧਰਾਂ ਤੇ ਨਗਰਪਾਲਿਕਾਵਾਂ ਵਿਚਕਾਰ ਟਿੱਕਣ;

(ii) ਉਨ੍ਹਾਂ ਕਰਾਂ, ਮਸੂਲਾਂ, ਟੋਲਾਂ ਅਤੇ ਫ਼ੀਸਾਂ ਦਾ ਨਿਰਧਾਰਣ ਜੋ ਨਗਰਪਾਲਿਕਾਵਾਂ ਨੂੰ ਸੌਂਪੀਆਂ ਜਾ

ਸਕਦੀਆਂ ਹਨ ਜਾਂ ਜੋ ਨਗਰਪਾਲਿਕਾਵਾਂ ਵੱਲੋਂ ਨਮਿੱਤਣ ਕੀਤੇ ਜਾ ਸਕਦੇ ਹਨ; ਅਤੇ

(iii) ਰਾਜ ਦੇ ਸੰਚਿਤ ਫ਼ੰਡ ਵਿੱਚੋਂ ਨਗਰਪਾਲਿਕਾਵਾਂ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਗ੍ਰਾਂਟ;

ਸ਼ਾਸਤ ਕਰਨਗੇ;

(ਅ) ਨਗਰਪਾਲਿਕਾਵਾਂ ਦੀ ਵਿੱਤੀ ਸਥਿਤੀ ਨੂੰ ਸੁਧਾਰਨ ਲਈ ਲੋੜੀਂਦੇ ਉਪਾਅ; ਅਤੇ

(ੲ) ਨਗਰਪਾਲਿਕਾਵਾਂ ਦੇ ਪੱਕੇਰੀ ਵਿੱਤ ਦੇ ਹਿੱਤਾਂ ਵਿੱਚ ਰਾਜਪਾਲ ਵੱਲੋਂ ਵਿੱਤ ਕਮਿਸ਼ਨ ਨੂੰ ਭੇਜੇ ਹੋਏ ਕਿਸੇ ਹੋਰ ਮਾਮਲੇ ਬਾਰੇ,

ਸਿਫ਼ਾਰਸਾਂ ਕਰੇਗਾ।

ਵਿੱਤ ਕਮਿਸਨ ਦਾ ਜ਼ਾਬਤਾ ਅਤੇ ਸ਼ਕਤੀਆਂ।

10. ਵਿੱਤ ਕਮਿਸ਼ਨ ਆਪਣੇ ਕਾਜਕਾਰਾਂ ਦੇ ਨਿਭਾਉਣ ਵਿੱਚ ਆਪਣਾ ਜ਼ਾਬਤਾ ਨਿਰਧਾਰਤ ਕਰੇਗਾ ਅਤੇ ਉਸ ਕੋਲ ਹੇਠ-ਲਿਖੇ ਮਾਮਲਿਆਂ ਬਾਰੇ ਦਾਵੇ 'ਤੇ ਸੁਣਵਾਈ ਕਰਦੇ ਸਮੇਂ, ਦਿਵਾਨੀ ਜ਼ਾਬਤਾ ਸੰਘਤਾ, 1908 ਅਧੀਨ ਇੱਕ ਦਿਵਾਨੀ ਅਦਾਲਤ ਦੀਆਂ ਸਾਰੀਆਂ ਸ਼ਕਤੀਆਂ ਹੋਣਗੀਆਂ, ਅਰਥਾਤ:-

(ੳ) ਗਵਾਹਾਂ ਨੂੰ ਤਲਬ ਕਰਨਾ ਅਤੇ ਹਾਜ਼ਰ ਕਰਵਾਉਣਾ;

(ਅ) ਕਿਸੇ ਦਸਤਾਵੇਜ਼ ਨੂੰ ਪੇਸ਼ ਕਰਨ ਦੀ ਮੰਗ ਕਰਨਾ; ਅਤੇ

(ੲ) ਕਿਸੇ ਅਦਾਲਤ ਜਾਂ ਦਫ਼ਤਰ ਤੋਂ ਕਿਸੇ ਲੋਕ ਰਿਕਾਰਡ ਦੀ ਮੰਗ ਕਰਨਾ।

ਵਿੱਤ ਕਮਿਸ਼ਨ ਦੀਆਂ ਸਿਫ਼ਾਰਸਾਂ ਦਾ ਰਾਜ ਵਿਧਾਨ ਮੰਡਲ ਅੱਗੇ ਰੱਖਿਆ ਜਾਣਾ।

11. ਰਾਜਪਾਲ ਇਸ ਐਕਟ ਅਧੀਨ ਵਿੱਤ ਕਮਿਸ਼ਨ ਵੱਲੋਂ ਕੀਤੀ ਗਈ ਹਰੇਕ ਸਿਫ਼ਾਰਸ਼ ਨੂੰ ਉਸ ਤੇ ਕੀਤੀ ਗਈ ਕਾਰਵਾਈ ਬਾਬਤ ਵਿਆਖਿਆਤਮਕ ਨੋਟ ਸਮੇਤ, ਰਾਜ ਦੇ ਵਿਧਾਨ ਮੰਡਲ ਅੱਗੇ ਰਖਵਾਏਗਾ।

ਨਿਯਮ ਬਣਾਉਣ ਦੀ ਸ਼ਕਤੀ।

12. (1) ਰਾਜ ਸਰਕਾਰ, ਅਧਿਸੂਚਨਾ ਦੁਆਰਾ, ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਨਿਯਮ ਬਣਾ ਸਕੇਗੀ।

(2) ਇਸ ਧਾਰਾ ਅਧੀਨ ਬਣਾਇਆ ਗਿਆ ਹਰੇਕ ਨਿਯਮ, ਉਸ ਦੇ ਬਣਾਏ ਜਾਣ ਪਿੱਛੋਂ ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਸਦਨ ਅੱਗੇ, ਜਦ ਉਹ ਦਸ ਦਿਨਾਂ ਦੀ ਕੁੱਲ ਮੁੱਦਤ ਲਈ ਇਜਲਾਸ ਵਿੱਚ ਹੈ, ਰੱਖਿਆ ਜਾਵੇਗਾ ਜੋ ਇੱਕ ਇਜਲਾਸ ਵਿੱਚ ਜਾਂ ਦੋ ਜਾਂ ਵੱਧ ਕ੍ਰਮਵਰਤੀ ਇਜਲਾਸਾਂ ਵਿੱਚ ਪੂਰੀ ਹੋ ਸਕੇਗੀ, ਅਤੇ ਜੇ, ਇਸ ਇਜਲਾਸ ਦੇ, ਜਿਸ ਵਿੱਚ ਉਹ ਇਸ ਤਰ੍ਹਾਂ ਰੱਖਿਆ ਜਾਂਦਾ ਹੈ ਜਾਂ ਉਪਰੋਕਤ ਕ੍ਰਮਵਰਤੀ ਇਜਲਾਸਾਂ ਦੇ ਗੁਜ਼ਰਨ ਤੋਂ ਪਹਿਲਾਂ, ਸਦਨ ਨਿਯਮ ਵਿੱਚ ਕੋਈ ਰੂਪਭੇਦ ਕਰਨ ਲਈ ਸਹਿਮਤ ਹੋ ਜਾਂਦਾ ਹੈ ਜਾਂ ਸਦਨ ਸਹਿਮਤ ਹੋ ਜਾਂਦਾ ਹੈ ਕਿ ਨਿਯਮ ਨਹੀਂ ਬਣਾਇਆ ਜਾਣਾ ਚਾਹੀਦਾ, ਤਾਂ ਨਿਯਮ ਉਸ ਤੋਂ ਪਿੱਛੋਂ, ਕੇਵਲ ਅਜਿਹੇ ਰੂਪਭੇਦ ਕੀਤੇ ਰੂਪ ਵਿੱਚ ਹੀ ਪ੍ਰਭਾਵੀ ਹੋਵੇਗਾ ਜਾਂ, ਜਿਹੀ ਕਿ ਸੂਰਤ ਹੋਵੇ,

ਪ੍ਰਭਾਵੀ ਨਹੀਂ ਹੋਵੇਗਾ; ਐਪਰ, ਅਜਿਹੇ ਕਿਸੇ ਰੂਪਭੇਦ ਜਾਂ ਬਾਤਲਕਰਣ ਦਾ ਉਸ ਨਿਯਮ ਅਧੀਨ ਪਹਿਲਾਂ ਕੀਤੀ ਗਈ ਜਾਂ ਕੀਤੀ ਜਾਣ ਵਾਲੀ ਕਿਸੇ ਉਕਾਈ ਦਾ ਕਿਸੇ ਗੱਲ ਦੀ ਜਾਇਜ਼ਤਾ ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਵੇਗਾ।

**ਬੀ.ਬੀ.ਐੱਸ. ਤੇਜੀ,**
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

*3726/5-2026/Pb. Govt. Press, S.A.S. Nagar*

ਭਾਗ-1

**ਪੰਜਾਬ ਸਰਕਾਰ**

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 22 ਮਈ, 2026

ਨੰ. 43/ਭ:ਕ/2026.- ਪੰਜਾਬ ਸਫ਼ਰ ਪੇਸ਼ਾਵਰਾਨਾ ਵਿਨਿਯਮਨ ਐਕਟ, 2012 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ. 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ ।

DEPARTMENT OF LEGAL AND LEGISLATIVE AFFAIRS

**NOTIFICATION**

The 22nd May, 2026

**No. 43/L.C./2026.-** The Translation in Punjabi of the Punjab Travel Professionals' Regulation Act, 2012 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No.5 of 1967)

**ਪੰਜਾਬ ਸਫ਼ਰ ਪੇਸ਼ਾਵਰਾਨਾ ਵਿਨਿਯਮਨ ਐਕਟ, 2012**

**(2013 ਦਾ ਪੰਜਾਬ ਐਕਟ ਨੰ:2)**

ਪੰਜਾਬ ਰਾਜ ਵਿਚ ਸੰਗਠਿਤ ਮਨੁੱਖੀ ਤਸਕਰੀ ਵਿਚ ਪਲਚਤ ਵਿਅਕਤੀਆਂ ਦੀਆਂ ਗੈਰ-ਕਾਨੂੰਨੀ ਅਤੇ ਕਪਟਪੂਰਨ ਸਰਗਰਮੀਆਂ, ਅਤੇ ਕਦਾਚਾਰ ਨੂੰ ਰੋਕਣ ਅਤੇ ਠੱਲ੍ਹ ਪਾਉਣ ਦੀ ਦ੍ਰਿਸ਼ਟੀ ਨਾਲ; ਟਰੈਵਲ ਏਜੰਟਾਂ, ਆਈ.ਈ.ਐਲ.ਟੀ.ਐਸ ਦੇ ਸਿਖਲਾਈ ਇੰਸਟੀਚਿਊਟਾਂ, ਅਤੇ ਏਅਰ-ਲਾਈਨਾਂ ਦੇ ਟਿਕਟਿੰਗ ਏਜੰਟਾਂ ਅਤੇ ਆਮ ਵਿਕਰੀ ਏਜੰਟਾਂ ਦੇ ਪੇਸ਼ੇ ਨੂੰ ਵਿਨਿਯਮਤ ਕਰਨ ਲਈ ਅਤੇ ਉਸ ਨਾਲ ਤੱਲਕ ਰੱਖਦੇ ਜਾਂ ਅਨੁਸੰਗਕ ਮਾਮਲਿਆਂ ਲਈ ਉਪਬੰਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਤਰੇਹਠਵੇਂ ਸਾਲ ਵਿਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

1. (1) ਇਸ ਐਕਟ ਨੂੰ ਪੰਜਾਬ ਸਫ਼ਰ ਪੇਸ਼ਾਵਰਾਨਾ ਐਕਟ, 2012 ਕਿਹਾ ਜਾ ਸਕੇਗਾ। ਸੰਖੇਪ ਨਾਂ ਅਤੇ ਅਰੰਭ ।

(2) ਇਹ ਅਜਿਹੀ ਤਰੀਕ ਨੂੰ ਨਾਫ਼ਜ਼ ਹੋਵੇਗਾ, ਜਿਵੇਂ ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਨਿਯਤ ਕਰੇ।

2. ਇਸ ਐਕਟ ਵਿਚ, ਜੇਕਰ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,- ਪਰਿਭਾਸ਼ਾਵਾਂ ।

(ੳ) "ਛਲ" ਦਾ ਉਹੀ ਅਰਥ ਹੋਵੇਗਾ ਜੋ ਇਸਨੂੰ ਧਾਰਾ 415 ਵਿੱਚ ਦਿੱਤਾ ਗਿਆ ਹੈ ਅਤੇ ਇਸ ਵਿੱਚ ਪਰਰੂਪਣ ਦੁਆਰਾ ਛਲ ਸ਼ਾਮਲ ਹੈ ਜਿਵੇਂ ਭਾਰਤੀ ਦੰਡ ਸੰਘਤਾ, 1860 (1860 ਦਾ ਕੇਂਦਰੀ ਐਕਟ 45) ਦੀ ਧਾਰਾ 416 ਵਿੱਚ ਉਲਿਖਤ ਕੀਤਾ ਗਿਆ ਹੈ;

(ਅ) "ਸ਼ਕਤਵਾਨ ਅਥਾਰਟੀ" ਦਾ ਮਤਲਬ ਹੈ ਉਹ ਅਧਿਕਾਰੀ ਜਿਸਨੂੰ ਰਾਜ ਸਰਕਾਰ ਦੁਆਰਾ, ਅਧਿਸੂਚਨਾ ਦੁਆਰਾ, ਇਸ ਐਕਟ ਦੇ ਪ੍ਰਯੋਜਨਾਂ ਲਈ ਸ਼ਕਤਵਾਨ ਅਥਾਰਟੀ ਵਜੋਂ ਨਿਯੁਕਤ ਕੀਤਾ ਗਿਆ ਹੋਵੇ;

(ੲ) "ਆਸ਼ਰਿਤ" ਦਾ ਮਤਲਬ ਹੈ ਕੋਈ ਵਿਅਕਤੀ, ਜੋ ਉਤਪਰਵਾਸੀ ਨਾਲ ਸਬੰਧਤ ਹੈ ਅਤੇ ਉਸ ਉਤਪਰਵਾਸੀ ਤੇ ਆਸ਼ਰਿਤ ਵੀ ਹੈ;

(ਸ) "ਯੰਤਰ" ਦਾ ਮਤਲਬ ਹੈ ਕੋਈ ਮਸ਼ੀਨਰੀ ਜਾਂ ਔਜ਼ਾਰ ਜੋ ਕਿਸੇ ਦਸਤਾਵੇਜ਼, ਪਾਸਪੋਰਟ, ਵੀਜਾ, ਪ੍ਰਵੇਸ਼ ਪਰਮਿਟ ਜਾਂ ਸਫ਼ਰ ਟਿਕਟ ਨੂੰ ਜਾਲ੍ਹੀ ਬਣਾਉਣ ਜਾਂ ਬਣਾਵਟੀਕਰਣ ਦੇ ਪ੍ਰਯੋਜਨ ਲਈ ਵਰਤਿਆ ਜਾਂਦਾ ਹੋਵੇ ਜਾਂ ਵਰਤੇ ਜਾਣ ਲਈ ਚਿਤਵਤ ਹੋਵੇ;

(ਹ) "ਦਸਤਾਵੇਜ਼" ਦਾ ਮਤਲਬ ਹੈ ਅੱਖਰਾਂ, ਅੰਕੜਿਆਂ ਜਾਂ ਨਿਸ਼ਾਨਾਂ ਦੁਆਰਾ ਜਾਂ ਇਨਾਂ ਵਿਚੋਂ ਇਕ ਤੋਂ ਵੱਧ ਸਾਧਨਾਂ ਦੁਆਰਾ ਕਿਸੇ ਪਦਾਰਥ 'ਤੇ ਪ੍ਰਗਟ ਜਾਂ ਵਰਣਤ ਕੀਤਾ ਗਿਆ ਕੋਈ ਮਾਮਲਾ ਜੋ ਉਸ ਮਾਮਲੇ ਦੇ ਸਬੂਤ ਵਜੋਂ ਵਰਤਿਆ ਜਾ ਸਕਦਾ ਹੋਵੇ ਜਾਂ ਵਰਤੇ ਜਾਣ ਲਈ ਚਿਤਵਤ ਹੋਵੇ;

(ਕ) "ਪਰਵਾਸੀ" ਦਾ ਮਤਲਬ ਹੈ ਭਾਰਤ ਦਾ ਕੋਈ ਨਾਗਰਿਕ ਜੋ ਉਤਪਰਵਾਸ ਕਰਨ ਦਾ ਇਰਾਦਾ ਰੱਖਦਾ ਹੋਵੇ ਜਾਂ ਪਰਵਾਸੀ ਹੋਵੇ ਜਾਂ ਪਰਵਾਸ ਕਰ ਚੁੱਕਾ ਹੋਵੇ, ਪਰ ਇਸ ਵਿੱਚ,-

(i) ਪਰਵਾਸੀ ਦਾ ਇਕ ਆਸ਼ਰਤ, ਭਾਵੇਂ ਅਜਿਹਾ ਆਸ਼ਰਿਤ ਉਸ ਪਰਵਾਸੀ ਦੇ ਨਾਲ ਹੋਵੇ, ਜਾਂ ਉਸ ਪਰਵਾਸੀ ਨਾਲ ਸ਼ਾਮਲ ਹੋਣ ਦੇ ਪ੍ਰਯੋਜਨ ਲਈ, ਬਾਦ ਵਿੱਚ ਉਸ ਦੇਸ਼ ਵਿੱਚ ਚਲਾ ਜਾਂਦਾ ਹੈ ਜਿਥੇ ਉਸ ਪਰਵਾਸੀ ਨੇ ਕਾਨੂੰਨੀ ਤੌਰ ਤੇ ਪ੍ਰਵਾਸ ਕੀਤਾ ਹੈ; ਅਤੇ

(ii) ਕੋਈ ਵਿਅਕਤੀ, ਜੋ ਅਠਾਰਾਂ ਸਾਲ ਦੀ ਉਮਰ ਦਾ ਹੋਣ ਪਿੱਛੋਂ ਘੱਟੋ-ਘੱਟ ਤਿੰਨ ਸਾਲਾਂ ਦੀ ਮੁੱਦਤ ਲਈ ਭਾਰਤ ਤੋਂ ਬਾਹਰ ਰਿਹਾ ਹੋਵੇ ਜਾਂ ਉਸਦਾ ਪਤੀ ਜਾਂ ਪਤਨੀ ਜਾਂ ਬੱਚਾ;

ਸ਼ਾਮਲ ਨਹੀਂ ਹੈ;

(ਖ) "ਮਨੁੱਖੀ ਤਸਕਰੀ" ਦਾ ਮਤਲਬ ਹੋਵੇਗਾ ਅਤੇ ਇਸ ਵਿੱਚ ਵਿਅਕਤੀਆਂ ਨੂੰ ਗੈਰ ਕਾਨੂੰਨੀ ਤੌਰ 'ਤੇ ਭਾਰਤ ਤੋਂ ਬਾਹਰ ਬਰਾਮਦੀ ਕਰਨਾ, ਭੇਜਣਾ ਜਾਂ ਟ੍ਰਾਂਸਪੋਰਟ ਕਰਨਾ ਜਾਂ ਉਹਨਾਂ ਤੋਂ ਜਾਂ ਉਹਨਾਂ ਦੇ ਮਾਤਾ ਪਿਤਾ, ਰਿਸ਼ਤੇਦਾਰਾਂ ਜਾਂ ਉਹਨਾਂ ਦੀ ਭਲਾਈ ਵਿਚ ਹਿੱਤਬੱਧ ਕਿਸੇ ਹੋਰ ਵਿਅਕਤੀ ਤੋਂ ਪ੍ਰੇਰਿਤ, ਭਰਮਾਉਣ ਜਾਂ ਧੋਖੇ ਜਾਂ ਛਲ ਦੁਆਰਾ ਧਨ ਪ੍ਰਾਪਤ ਕਰਕੇ ਉਸਦੇ ਪ੍ਰਤਿ ਕਿਸੇ ਕਿਸਮ ਦੀ ਸੌਖ ਸ਼ਾਮਲ ਹਨ;

(ਗ) "ਗੈਰ-ਕਾਨੂੰਨੀ ਤੌਰ ਤੇ ਅਰਜਤ ਕੀਤੀ ਸੰਪਤੀ" ਦਾ ਮਤਲਬ ਹੈ ਕੋਈ ਸੰਪਤੀ ਭਾਵੇਂ ਚੁਕਵੀਂ ਜਾਂ ਅਚੁਕਵੀਂ ਹੋਵੇ, ਜੋ ਇੱਕ ਟਰੈਵਲ ਏਜੰਟ ਦੁਆਰਾ ਇਸ ਐਕਟ ਦੇ ਉਪਬੰਧਾਂ ਦੀ ਉਲੰਘਣਾ ਕਰਕੇ ਗੈਰ-ਕਾਨੂੰਨੀ ਸਾਧਨਾਂ ਰਾਹੀਂ ਅਰਜਤ ਕੀਤੀ ਹੋਵੇ;

(ਘ) "ਲਸੰਸ" ਦਾ ਮਤਲਬ ਹੈ ਇਸ ਐਕਟ ਦੀ ਧਾਰਾ 4 ਦੀ ਉਪ-ਧਾਰਾ (2) ਅਧੀਨ ਸ਼ਕਤਵਾਨ ਅਥਾਰਟੀ ਦੁਆਰਾ ਜਾਰੀ ਕੀਤਾ ਗਿਆ ਲਸੰਸ;

(ਙ) "ਲਸੰਸਧਾਰੀ" ਦਾ ਮਤਲਬ ਹੈ ਉਹ ਵਿਅਕਤੀ ਜਿਸਨੂੰ ਇਸ ਐਕਟ ਦੇ ਅਧੀਨ ਲਸੰਸ ਦਿੱਤਾ ਗਿਆ ਹੈ;

(ਚ) "ਮੁਕੱਰਰ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਮੁਕੱਰਰ;

(ਛ) "ਰਾਜ ਸਰਕਾਰ" ਦਾ ਮਤਲਬ ਹੈ ਪੰਜਾਬ ਰਾਜ ਦੀ ਸਰਕਾਰ ਦਾ ਗ੍ਰਿਹ ਮਾਮਲੇ ਅਤੇ ਨਿਆਂ ਵਿਭਾਗ; ਅਤੇ

(ਜ) "ਟ੍ਰੈਵਲ ਏਜੰਟ" ਦਾ ਮਤਲਬ ਹੈ ਪੇਸ਼ਾ ਕਰਦਾ ਇੱਕ ਵਿਅਕਤੀ ਜਿਸ ਵਿੱਚ ਵਿਅਕਤੀਆਂ ਨੂੰ ਬਦੇਸ਼ ਭੇਜਣ ਜਾਂ ਬਦੇਸ਼ ਭੇਜੇ ਗਏ ਵਿਅਕਤੀਆਂ ਦੇ ਮਾਮਲਿਆਂ ਤੋਂ ਪੈਦਾ ਹੋਏ ਮਾਮਲਿਆਂ ਸੰਬੰਧੀ ਵਿਵਸਥਾ ਕਰਨਾ, ਪ੍ਰਬੰਧ ਕਰਨਾ ਜਾਂ ਸੰਚਾਲਨ ਕਰਨਾ ਸ਼ਾਮਲ ਹੈ, ਸਿਵਾਏ ਪਰਵਾਸ ਐਕਟ, 1983 (1983 ਕੇਂਦਰੀ ਐਕਟ 31) ਦੇ ਅਧੀਨ ਸ਼ਾਸਤ ਭਰਤੀ ਦੇ ਕਾਰੋਬਾਰ ਨੂੰ ਸਿਰੇ ਚਾੜ੍ਹਨ ਦੇ, ਅਤੇ ਇਸ ਵਿੱਚ ਹੇਠ-ਲਿਖੇ ਸਾਰੇ ਜਾਂ ਕੁਝ ਕੁ ਸ਼ਾਮਲ ਹੋਣਗੇ, ਅਰਥਾਤ:

  (ੳ) ਪਾਸਪੋਰਟ ਜਾਂ ਵੀਜਾ ਦੇਣ ਲਈ ਜਾਂ ਉਸ ਨਾਲ ਸਬੰਧਤ ਦਰਖਾਸਤਾਂ ਪ੍ਰਸੈਸ ਕਰਨਾ; ਜਾਂ

  (ਅ) (i) ਹਵਾਈ ਸਫ਼ਰ ਦੀਆਂ ਟਿਕਟਾਂ ਵੇਚਣ ਲਈ; ਅਤੇ

  (ii) ਭੋਂ ਜਾਂ ਸਮੁੰਦਰ ਦੁਆਰਾ ਬਦੇਸ਼ੀ ਸਫ਼ਰ ਲਈ ਆਵਾਜਾਈ ਦੇ ਸਾਧਨ ਪ੍ਰਦਾਨ ਕਰਨ ਲਈ;

  ਕੰਪਨੀ, ਫਰਮ ਜਾਂ ਅਜਿਹੀ ਕਿਸਮ ਦੀਆਂ ਬੌਡੀਆਂ ਜਾਂ ਹਸਤੀਆਂ ਲਈ ਏਜੰਟ ਵਜੋਂ ਕੰਮ ਕਰਨਾ; ਜਾਂ

  (ੲ) (i) ਸਿੱਖਿਆ ਹਾਸਲ ਕਰਨ ਲਈ;

  (ii) ਇੱਕ ਸੈਲਾਨੀ ਜਾਂ ਸਫ਼ਰੀ ਵਜੋਂ ਪ੍ਰਸੰਨਤਾ ਸਫ਼ਰ ਸ਼ੁਰੂ ਕਰਨ ਲਈ;

  (iii) ਡਾਕਟਰੀ ਇਲਾਜ ਕਰਵਾਉਣ ਲਈ;

(iv) ਸੱਭਿਆਚਾਰਕ ਮਨੋਰੰਜਨ ਜਾਂ ਸੰਗੀਤਕ ਸ਼ੋਅ ਦਾ ਇੰਤਜ਼ਾਮ ਕਰਨ ਲਈ;

(v) ਧਰਮ ਦਾ ਪ੍ਰਸਾਰ ਜਾਂ ਪ੍ਰਚਾਰ ਕਰਨ ਲਈ; ਜਾਂ

(vi) ਖੇਡ ਟੂਰਨਾਮੈਂਟਾਂ ਜਾਂ ਸਮਾਗਮਾਂ ਵਿੱਚ ਹਿੱਸਾ ਲੈਣ ਲਈ;

ਬਦੇਸ਼ ਜਾਣ ਦਾ ਇਰਾਦਾ ਰੱਖਣ ਵਾਲੇ ਵਿਅਕਤੀਆਂ ਨੂੰ ਮਸ਼ਵਰਾ ਵੀਜ਼ਾ ਸੇਵਾ ਜਾ ਅਗਵਾਈ ਪ੍ਰਦਾਨ ਕਰਨਾ; ਜਾਂ

(ਸ) ਕੋਈ ਇਸ਼ਤਿਹਾਰ ਜਾਂ ਪ੍ਰਚਾਰ ਕਰਨਾ, ਜੋ ਪ੍ਰਕਾਸ਼ਨ, ਪ੍ਰਸਾਰਣ, ਸੰਚਾਰ ਜਾਂ ਇੰਨਟਰਨੈਟ ਦੇ ਸਾਧਨਾਂ ਦੁਆਰਾ ਬਦੇਸ਼ ਯਾਤਰਾ ਦੇ ਕਿਸੇ ਖੇਤਰ ਨਾਲ ਸਿੱਧੇ ਜਾਂ ਅਸਿੱਧੇ ਤੌਰ ਤੇ ਸਬੰਧਤ ਹੈ; ਜਾਂ

(ਹ) ਪਰਵਾਸ ਨੂੰ ਉਤਸ਼ਾਹਿਤ ਕਰਨ ਲਈ ਸੈਮੀਨਾਰ ਕਰਵਾਉਣਾ ਜਾਂ ਲੈਕਚਰ ਦੇਣਾ ਜਾਂ ਅਜਿਹੇ ਪ੍ਰਯੋਜਨਾਂ ਲਈ ਸਹਾਇਤਾ ਦੇਣਾ; ਜਾਂ

(ਕ) ਪਰਵਾਸ ਦੇ ਪ੍ਰਯੋਜਨ ਲਈ ਵਿਆਹ ਸਬੰਧੀ ਗਠਜੋੜ ਅਤੇ ਗੋਦ ਲੈਣ ਦੀ ਵਿਵਸਥਾ ਕਰਨਾ; ਅਤੇ

(ਖ) ਕਿਸੇ ਵੀ ਪ੍ਰਯੋਜਨ ਲਈ ਕਿਸੇ ਵਿਅਕਤੀ ਦੀ ਭਾਰਤ ਤੋਂ ਬਦੇਸ਼ੀ ਸਫ਼ਰ ਦੀ ਵਿਵਸਥਾ ਕਰਨਾ; ਅਤੇ

(ਗ) ਖੰਡਾਂ (ੳ) ਤੋਂ (ਖ) ਵਿੱਚ ਜ਼ਿਕਰ ਕੀਤੇ ਕਿਸੇ ਵੀ ਪ੍ਰਯੋਜਨਾਂ ਲਈ ਅਜ਼ਾਦ ਕਿਸਮ ਦੇ ਦਲਾਲ ਵਜੋਂ ਕਾਰਜ ਕਰਨਾ।

ਟਰੈਵਲ ਏਜੰਟ ਦੇ ਪੇਸ਼ੇ ਦਾ ਵਿਨਿਯਮ।

3. ਕੋਈ ਵਿਅਕਤੀ ਟਰੈਵਲ ਏਜੰਟ ਦਾ ਪੇਸ਼ਾ ਸ਼ੁਰੂ ਨਹੀਂ ਕਰੇਗਾ ਜਦ ਤੱਕ ਉਹ ਇਸ ਐਕਟ ਦੀ ਧਾਰਾ 4 ਦੇ ਉਪਬੰਧਾਂ ਅਧੀਨ ਅਤੇ ਉਨ੍ਹਾਂ ਦੀ ਅਨੁਸਾਰਤਾ ਵਿੱਚ ਲਸੰਸ ਪ੍ਰਾਪਤ ਨਹੀਂ ਕਰ ਲੈਂਦਾ।

ਲਸੰਸ।

4. (1) ਇੱਕ ਵਿਅਕਤੀ, ਜੋ ਟਰੈਵਲ ਏਜੰਟ ਦੇ ਪੇਸ਼ੇ ਨੂੰ ਸ਼ੁਰੂ ਕਰਨ ਦਾ ਚਾਹਵਾਨ ਹੋਵੇ ਜਾਂ ਜੋ ਇਸ ਐਕਟ ਦੇ ਅਰੰਭ ਹੋਣ ਸਮੇਂ ਪਹਿਲਾਂ ਹੀ ਇਸ ਪੇਸ਼ੇ ਵਿੱਚ ਹੈ, ਅਜਿਹੇ ਤਰੀਕੇ ਨਾਲ ਅਜਿਹੀ ਫੀਸ ਨਾਲ ਅਤੇ ਅਜਿਹੇ ਦਸਤਾਵੇਜ਼ਾਂ ਸਮੇਤ ਜਿਵੇਂ ਮੁਕੱਰਰ ਕੀਤਾ ਜਾਵੇ, ਸ਼ਕਤਵਾਨ ਅਥਾਰਟੀ ਨੂੰ ਇੱਕ ਦਰਖ਼ਾਸਤ ਦੇਵੇਗਾ।

(2) ਜੇ ਸ਼ਕਤਵਾਨ ਅਥਾਰਟੀ ਦੀ ਤਸੱਲੀ ਹੋ ਜਾਂਦੀ ਹੈ ਕਿ ਉਪ-ਧਾਰਾ (1) ਅਧੀਨ ਦਿੱਤੀ ਗਈ ਦਰਖਾਸਤ ਉਚਿਤ ਰੂਪ ਵਿੱਚ ਹੈ, ਤਾਂ ਉਹ ਅਜਿਹੇ ਨਿਬੰਧਨਾਂ ਅਤੇ ਸ਼ਰਤਾਂ ਅਧੀਨ ਅਤੇ ਅਜਿਹੇ ਰੂਪ ਵਿੱਚ ਲਸੰਸ ਜਾਰੀ ਕਰੇਗੀ ਜਿਵੇਂ ਮੁਕੱਰਰ ਕੀਤਾ ਜਾਵੇ:

ਪਰੰਤੂ ਜੇ ਸ਼ਕਤਵਾਨ ਅਥਾਰਟੀ ਦੀ ਤਸੱਲੀ ਹੋ ਜਾਂਦੀ ਹੈ ਕਿ ਦਰਖਾਸਤ ਵਿੱਚ ਦਿੱਤੇ ਵੇਰਵੇ ਦਰੁਸਤ ਨਹੀਂ ਹਨ ਜਾਂ ਅਪੂਰਣ ਹਨ ਜਾਂ ਲਸੰਸ ਜਾਰੀ ਕਰਨ ਲਈ ਲੋੜੀਂਦਾ ਸਬੂਤ ਜਾਂ ਜਾਣਕਾਰੀ ਨਹੀਂ ਦਿੱਤੀ ਗਈ, ਤਾਂ ਉਹ, ਜਰੂਰੀ ਜਾਂਚ ਤੋਂ ਪਿੱਛੋਂ ਅਤੇ ਦਰਖ਼ਾਸਤਕਾਰ ਨੂੰ ਸੁਣਵਾਈ ਦਾ ਮੌਕਾ ਦੇਣ ਤੋਂ ਪਿੱਛੋਂ, ਉਨਾਂ ਕਾਰਨਾਂ ਕਰਕੇ ਜੋ ਉਸ ਦੁਆਰਾ ਕਲਮਬੰਦ ਕੀਤੇ ਜਾਣਗੇ, ਦਰਖਾਸਤ ਨੂੰ ਨ-ਮਨਜ਼ੂਰ ਕਰ ਸਕੇਗੀ:

ਪਰੰਤੂ ਇਹ ਹੋਰ ਕਿ ਉਹ ਵਿਅਕਤੀ, ਜਿਸ ਦੀ ਲਸੰਸ ਜਾਰੀ ਕਰਨ ਦੀ ਦਰਖ਼ਾਸਤ ਨਾ-ਮਨਜ਼ੂਰ ਕਰ ਦਿੱਤੀ ਗਈ ਹੈ, ਤਾਂ ਉਹ ਸ਼ਕਤਵਾਨ ਅਥਾਰਟੀ ਨੂੰ, ਉਸ ਦੁਆਰਾ ਦੱਸੀਆਂ ਗਈਆਂ ਤਰੁੱਟੀਆਂ ਨੂੰ ਹਟਾਉਣ ਪਿੱਛੋਂ, ਲਸੰਸ ਜਾਰੀ ਕਰਨ ਲਈ ਹੋਰ ਦਰਖ਼ਾਸਤ ਦੇ ਸਕੇਗਾ।

(3) ਉਪ-ਧਾਰਾ (2) ਅਧੀਨ ਵਿਅਕਤੀ ਨੂੰ ਲਸੰਸ ਨਹੀਂ ਦਿੱਤਾ ਜਾਵੇਗਾ, ਜਦ ਤੱਕ ਉਸ ਦੀ ਦਰਖ਼ਾਸਤ ਵਿੱਚ, ਦਿੱਤੇ ਗਏ ਵੇਰਵੇ ਅਤੇ ਦਸਤਾਵੇਜ, ਪੁਲਿਸ ਦੁਆਰਾ ਤਸਦੀਕ ਨਹੀਂ ਕੀਤੇ ਜਾਂਦੇ।

(4) ਲਸੰਸ ਦੀ ਜਾਇਜ਼ਤਾ ਪੰਜ ਸਾਲਾਂ ਦੀ ਮੁੱਦਤ ਲਈ ਹੋਵੇਗੀ, ਜੋ ਉਕਤ ਮੁੱਦਤ ਲਈ ਅਜਿਹੇ ਢੰਗ ਨਾਲ ਨਵਿਆਉਣਯੋਗ ਹੋਵੇਗੀ, ਜਿਵੇਂ ਮੁਕੱਰਰ ਕੀਤਾ ਜਾਵੇ।

ਸ਼ਾਖਾਵਾਂ ਜਾਂ ਦਫ਼ਤਰਾਂ ਦੀ ਪੁਸ਼ਟੀ।

5. ਜੇ ਕੋਈ ਵਿਅਕਤੀ, ਜਿਸਨੇ ਇਸ ਐਕਟ ਅਧੀਨ ਇੱਕ ਜ਼ਿਲ੍ਹੇ ਵਿੱਚ ਇਕ ਥਾਂ ਤੇ ਟ੍ਰੈਵਲ ਏਜੰਟ ਦਾ ਪੇਸ਼ਾ ਕਰਨ ਲਈ ਲਸੰਸ ਪ੍ਰਾਪਤ ਕੀਤਾ ਹੈ, ਬਾਦ ਵਿੱਚ ਇੱਕ ਹੋਰ ਜਿਲ੍ਹੇ ਵਿੱਚ ਸਥਿਤ ਕਿਸੇ ਥਾਂ ਤੇ ਹੋਰ ਸ਼ਾਖਾ ਜਾਂ ਦਫ਼ਤਰ ਖੋਲ੍ਹਦਾ ਹੈ, ਤਾਂ ਉਸਨੂੰ ਅਜਿਹੀ ਹੋਰ ਸ਼ਾਖਾ ਜਾਂ ਦਫ਼ਤਰ ਲਈ ਨਵਾਂ ਲਸੰਸ ਪ੍ਰਾਪਤ ਕਰਨ ਦੀ ਲੋੜ ਨਹੀ ਹੋਵੇਗੀ। ਹਾਲਾਂਕਿ, ਉਹ ਤੁਰੰਤ, ਸ਼ਕਤਵਾਨ ਅਥਾਰਟੀ ਅਤੇ ਸਬੰਧਤ ਜਿਲ੍ਹੇ ਦੇ ਜਿਲ੍ਹਾ ਮੈਜਿਸਟਰੇਟ ਨੂੰ ਜਿਥੇ ਨਵੀਂ ਸ਼ਾਖਾ ਜਾਂ ਦਫ਼ਤਰ ਖੋਲਿਆ ਗਿਆ ਹੈ, ਲਿਖਤੀ ਰੂਪ ਵਿੱਚ ਸੂਚਿਤ ਕਰੇਗਾ ਅਤੇ ਅਜਿਹੀ ਸੂਚਨਾ ਦੇਣ ਲਈ ਮਨੌਤ-ਰਸੀਦ ਪ੍ਰਾਪਤ ਕਰੇਗਾ।

ਲਸੰਸ ਦੀ ਮਨਸੂਖੀ ਜਾਂ ਮੁਅੱਤਲੀ।

6. (1) ਸ਼ਕਤਵਾਨ ਅਥਾਰਟੀ, ਕਿਸੇ ਵਿਅਕਤੀ ਦੁਆਰਾ ਦਿੱਤੀ ਗਈ ਦਰਖ਼ਾਸਤ 'ਤੇ ਜਾਂ ਹੋਰ ਤਰ੍ਹਾਂ ਜਾਣਕਾਰੀ ਤੇ ਕਿ ਲਸੰਸਧਾਰੀ,-

(ੳ) ਦਿਵਾਲੀਆ ਜਾਂ ਕਰਜ਼ਦਾਰ ਹੋ ਜਾਂਦਾ ਹੈ; ਜਾਂ

(ਅ) ਸਿੱਧੇ ਜਾਂ ਅਸਿੱਧੇ ਤੌਰ ਤੇ ਕਿਸੇ ਕਾਰਜ ਵਿੱਚ ਖਚਿਤ ਹੋਵੇ ਜਾਂ ਸ਼ਹਿ ਦਿੱਤੀ ਹੋਵੇ ਜੋ ਭਾਰਤ ਦੇ ਹਿੱਤਾਂ ਜਾਂ ਇਸਦੀ ਸੁਰੱਖਿਆ ਤੇ ਪ੍ਰਤੀਕੂਲ ਪ੍ਰਭਾਵ ਪਾਉਣ ਵਾਲਾ ਹੈ;

(ੲ) ਕਿਸੇ ਫੌਜਦਾਰੀ ਅਪਰਾਧ ਲਈ ਅਦਾਲਤ ਦੁਆਰਾ ਸਿੱਧ-ਦੋਸ਼ ਠਹਿਰਾਇਆ ਜਾਂਦਾ ਹੈ; ਜਾਂ

(ਸ) ਗਲਤ-ਬਿਆਨੀ ਜਾਂ ਕਿਸੇ ਅਹਿਮ ਤੱਥ ਨੂੰ ਦਬਾ ਕੇ ਲਸੰਸ ਪ੍ਰਾਪਤ ਕੀਤਾ ਹੈ ਜਾਂ ਨਵਿਆਇਆ ਹੈ;

(ਹ) ਲਸੰਸ ਦੇ ਕਿਸੇ ਵੀ ਨਿਬੰਧਨਾਂ ਅਤੇ ਸ਼ਰਤਾਂ ਦੀ ਖਿਲਾਫਵਰਜ਼ੀ ਕੀਤੀ ਹੈ; ਜਾਂ

(ਕ) ਕਿਸੇ ਹੋਰ ਵਿਅਕਤੀ ਨੂੰ ਆਪਣੇ ਇਹਾਤੇ ਤੋਂ ਜਾਂ ਆਪਣੇ ਨਾਂ ਅਧੀਨ ਟਰੈਵਲ ਏਜੰਟ ਦਾ ਪੇਸ਼ਾ ਕਰਨ ਦੀ ਇਜ਼ਾਜਤ ਦਿੱਤੀ ਹੈ; ਜਾਂ

(ਖ) ਲਗਾਤਾਰ ਤਿੰਨ ਮਹੀਨਿਆਂ ਦੀ ਮੁੱਦਤ ਲਈ ਟਰੈਵਲ ਏਜੰਟ ਦਾ ਪੇਸ਼ਾ ਕਰਨ ਵਿੱਚ ਅਸਫ਼ਲ ਰਿਹਾ ਹੈ,

ਲਸੰਸ ਰੱਦ ਕਰ ਸਕੇਗੀ:

ਪਰੰਤੂ ਲਸੰਸ ਰੱਦ ਕਰਨ ਤੋਂ ਪਹਿਲਾਂ ਲਸੰਸਧਾਰੀ ਨੂੰ ਨੋਟਿਸ ਪ੍ਰਾਪਤੀ ਤੋਂ ਸੱਤ ਦਿਨਾਂ ਦੇ ਅੰਦਰ ਆਪਣੀ ਸਥਿਤੀ ਸਪੱਸ਼ਟ ਕਰਨ ਲਈ ਇਕ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਜਾਵੇਗਾ ਕਿ ਉਸਦਾ ਲਸੰਸ ਕਿਉਂ ਨਹੀਂ ਰੱਦ ਕੀਤਾ ਜਾਣਾ ਚਾਹੀਦਾ।

ਵਿਆਖਿਆ.- ਖੰਡ (ਕ) ਦੇ ਪ੍ਰਯੋਜਨ ਲਈ, ਪਦ 'ਇਹਾਤੇ' ਦਾ ਮਤਲਬ ਮਨੁੱਖੀ ਨਿਵਾਸ ਵਜੋਂ ਜਾਂ ਮਨੁੱਖ ਦੁਆਰਾ ਕਿਸੇ ਹੋਰ ਸਰਗਰਮੀ ਲਈ ਵਰਤਿਆ ਜਾਂਦਾ ਕੋਈ ਇਮਾਰਤ, ਤੰਬੂ, ਪੋਤ, ਭੋਂ, ਢਾਂਚਾ, ਦੁਕਾਨ, ਬੂਥ, ਵਾਹਨ, ਕਿਸ਼ਤੀ ਜਾਂ ਬੇੜਾ ਹੋਵੇਗਾ।

(2) ਜੇ ਉਪ-ਧਾਰਾ (1) ਦੇ ਖੰਡ (ੲ) ਵਿਚ ਜਿਕਰ ਕੀਤੇ ਕਾਰਨ ਕਰਕੇ ਲਸੰਸ ਰੱਦ ਕੀਤਾ ਜਾਂਦਾ ਹੈ ਅਤੇ ਅਪੀਲੀ ਅਦਾਲਤ ਦੁਆਰਾ ਸਿੱਧ-ਦੋਸ਼ ਨੂੰ ਮਨਸੂਖ ਕਰ ਦਿੱਤਾ ਜਾਂਦਾ ਹੈ, ਤਾਂ ਸ਼ਕਤਵਾਨ ਅਥਾਰਟੀ ਸਵੈ-ਪ੍ਰੇਰਨਾ ਤੇ ਜਾਂ ਇਸ ਦੇ ਬਾਬਤ ਦਿੱਤੀ ਗਈ ਦਰਖ਼ਾਸਤ 'ਤੇ ਲਸੰਸਧਾਰੀ ਨੂੰ ਲਸੰਸ ਬਹਾਲ ਕਰ ਸਕੇਗਾ।

(3) ਜਿਥੇ ਸ਼ਕਤਵਾਨ ਅਥਾਰਟੀ, ਉਨ੍ਹਾਂ ਕਾਰਨਾਂ ਕਰਕੇ ਜੋ ਉਸ ਦੁਆਰਾ ਕਲਮਬੰਦ ਕੀਤੇ ਜਾਣ, ਦੀ ਤਸੱਲੀ ਹੋ ਜਾਂਦੀ ਹੈ ਕਿ ਉਪ-ਧਾਰਾ (1) ਵਿੱਚ ਜ਼ਿਕਰ ਕੀਤੇ ਕਿਸੇ ਵੀ ਆਧਾਰ ਤੇ ਕਿਸੇ ਲਸੰਸ ਨੂੰ ਰੱਦ ਕਰਨ ਦਾ ਸਵਾਲ, ਉਸ ਕੋਲ ਵਿਚਾਰਨ ਲਈ ਲੰਬਿਤ ਹੈ, ਤਾਂ ਉਹ ਲਿਖਤੀ ਰੂਪ ਵਿੱਚ, ਇਕ ਹੁਕਮ ਦੁਆਰਾ, ਲਸੰਸ ਦੇ ਸੰਚਾਲਣ ਨੂੰ ਨੱਬੇ ਦਿਨਾਂ ਤੋਂ ਵੱਧ ਨ ਹੋਣ ਵਾਲੀ ਮੁਦੱਤ ਲਈ ਮੁਅੱਤਲ ਕਰ ਸਕੇਗੀ, ਜਿਵੇਂ ਹੁਕਮ ਵਿੱਚ ਉਲਿਖਤ ਕੀਤਾ ਜਾਵੇ। ਲਸੰਸਧਾਰੀ ਨੂੰ ਅਜਿਹੇ ਹੁਕਮ ਦੀ ਪ੍ਰਾਪਤੀ ਦੀ ਤਰੀਕ ਤੋਂ ਪੰਦਰਾਂ ਦਿਨਾਂ ਦੀ ਮੁਦੱਤ ਅੰਦਰ ਇਹ ਕਾਰਨ ਦੱਸਣ ਦੀ ਲੋੜ ਹੋਵੇਗੀ ਕਿ ਲਸੰਸ ਦੀ ਮੁਅੱਤਲੀ ਦੀ ਮੁੱਦਤ ਉਦੋਂ ਤੱਕ ਕਿਉਂ ਨ ਵਧਾਈ ਜਾਵੇ ਜਦੋਂ ਤੱਕ ਸ਼ਕਤਵਾਨ ਅਥਾਰਟੀ ਦੁਆਰਾ ਲਸੰਸ ਨੂੰ ਰੱਦ ਕਰਨ ਦੇ ਸਵਾਲ ਦਾ ਨਿਰਣਾ ਨਹੀਂ ਕਰ ਲਿਆ ਜਾਂਦਾ।

(4) ਲਸੰਸ ਨੂੰ ਰੱਦ ਕਰਨ ਜਾਂ ਮੁਅੱਤਲ ਕਰਨ ਦਾ ਹੁਕਮ ਪਾਸ ਕਰਨ ਤੋਂ ਪਹਿਲਾਂ, ਸ਼ਕਤਵਾਨ ਅਥਾਰਟੀ ਪ੍ਰਵਾਸੀਆਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਮਾਮਲੇ ਤੇ ਵਿਚਾਰ ਕਰੇਗੀ ਅਤੇ ਅਜਿਹਾ ਹੁਕਮ ਪਾਸ ਕਰ ਸਕੇਗੀ, ਜਿਵੇਂ ਉਹ ਉਚਿਤ ਸਮਝੇ।

(5) ਇਸ ਐਕਟ ਅਧੀਨ ਹੋਰਵੇਂ ਉਪਬੰਧਤ ਦੇ ਸਿਵਾਏ, ਜਿਥੇ ਕਿਸੇ ਵਿਅਕਤੀ ਨੂੰ ਦਿੱਤਾ ਗਿਆ ਲਸੰਸ ਰੱਦ ਕਰ ਦਿੱਤਾ ਗਿਆ ਹੈ, ਅਜਿਹਾ ਵਿਅਕਤੀ ਟਰੈਵਲ ਏਜੰਟ ਦਾ ਪੇਸ਼ਾ ਕਰਨ ਤੋਂ ਵਰਜਿਆ ਜਾਵੇਗਾ।

(6) ਜੇ ਲਸੰਸ ਮੁਅੱਤਲ ਕਰ ਦਿੱਤਾ ਗਿਆ ਹੈ ਤਾਂ, ਉਹ ਦਰਖ਼ਾਸਤਾਂ, ਜੋ ਅਮਲ ਅਧੀਨ ਹਨ, ਪ੍ਰੋਸੈਸ ਕੀਤੀਆਂ ਜਾ ਸਕਣਗੀਆਂ, ਪਰ ਕੋਈ ਨਵੀ ਦਰਖ਼ਾਸਤ ਪ੍ਰਾਪਤ ਨਹੀਂ ਕੀਤੀ ਜਾਵੇਗੀ।

7. ਜੇ ਕੋਈ ਟਰੈਵਲ ਏਜੰਟ ਆਪਣੇ ਪੇਸ਼ੇ ਦੇ ਬਾਬਤ ਇਸ਼ਤਿਹਾਰ ਜਾਂ ਪਰਚਾਰ ਕਰਨਾ ਚਾਹੁੰਦਾ ਹੈ ਜਾਂ ਉਸਦੇ ਬਾਰੇ ਵਿੱਚ ਸੈਮੀਨਾਰ ਕਰਾਉਣਾ ਚਾਹੁੰਦਾ ਹੈ, ਤਾਂ ਉਸਨੂੰ ਸ਼ਕਤਵਾਨ ਅਥਾਰਟੀ ਨੂੰ ਉਸਦੇ ਪੂਰਨ ਵੇਰਵੇ ਜਾਂ ਅੰਤਰ ਵਸਤਾਂ ਦੇ ਕੇ ਲਿਖਤੀ ਰੂਪ ਵਿੱਚ ਜਾਣੂ ਕਰਵਾਇਆ ਜਾਵੇਗਾ: ਟਰੈਵਲ ਏਜੰਟ ਵੱਲੋਂ ਸ਼ਕਤਵਾਨ ਅਥਾਰਟੀ ਨੂੰ ਸੂਚਿਤ ਕਰਨਾ ।

ਪਰੰਤੂ ਇਸ਼ਤਿਹਾਰ ਦੇਣ ਸਮੇਂ, ਜੇ ਲਸੰਸ ਨੰਬਰ ਛਾਪਿਆ ਜਾਂਦਾ ਹੈ, ਤਾਂ ਸ਼ਕਤਵਾਨ ਅਥਾਰਟੀ ਨੂੰ ਅਗੇਤਰੀ ਜਾਣਕਾਰੀ ਦੇਣ ਦੀ ਜ਼ਰੂਰਤ ਨਹੀਂ ਹੋਵੇਗੀ।

8. (1) ਟਰੈਵਲ ਏਜੰਟ ਆਪਣਾ ਲਸੰਸ ਇਸ ਦੇ ਜਾਰੀ ਹੋਣ ਤੋਂ ਪਿੱਛੋਂ, ਕਿਸੇ ਵੀ ਸਮੇਂ ਸ਼ਕਤਵਾਨ ਅਥਾਰਟੀ ਨੂੰ ਦੋ ਮਹੀਨਿਆਂ ਦਾ ਨੋਟਿਸ ਦੇ ਕੇ ਅਰਪਣ ਕਰ ਸਕਦਾ ਹੈ, ਅਤੇ ਨੋਟਿਸ ਦੀ ਮੁੱਦਤ ਖ਼ਤਮ ਹੋਣ ਤੇ, ਲਸੰਸ ਰੱਦ ਹੋਇਆ ਸਮਝਿਆ ਜਾਵੇਗਾ। ਲਸੰਸ ਅਰਪਣ ਕਰਨਾ ।

(2) ਉਪ-ਧਾਰਾ (2) ਅਧੀਨ ਲਸੰਸ ਰੱਦ ਹੋਣ ਦੇ ਤੱਥ ਨੂੰ ਸ਼ਕਤਵਾਨ ਅਥਾਰਟੀ ਦੁਆਰਾ ਸਬੰਧਤ ਸਥਾਨਕ ਖੇਤਰ ਵਿੱਚ ਵਿਆਪਕ ਪ੍ਰਸਾਰ ਵਾਲੇ ਦੋ ਰੋਜ਼ਾਨਾ ਅਖਬਾਰਾਂ ਵਿੱਚ ਪ੍ਰਕਾਸ਼ਤ ਕੀਤਾ ਜਾਵੇਗਾ।

(3) ਲਸੰਸ ਰੱਦ ਹੋਣ ਤੇ, ਟਰੈਵਲ ਏਜੰਟ ਲਸੰਸ ਪ੍ਰਾਪਤ ਕਰਨ ਲਈ ਦਰਖ਼ਾਸਤ ਪੇਸ਼ ਕਰਨ ਸਮੇਂ ਉਸ ਦੁਆਰਾ ਜਮ੍ਹਾਂ ਕਰਵਾਈ ਗਈ ਫ਼ੀਸ ਦੀ ਵਾਪਸੀ ਦਾ ਹੱਕਦਾਰ ਨਹੀਂ ਹੋਵੇਗਾ।

(4) ਇਸ ਧਾਰਾ ਅਧੀਨ ਲਸੰਸ ਰੱਦ ਹੋਣ ਦੇ ਹੁੰਦਿਆਂ ਹੋਇਆਂ ਵੀ, ਟਰੈਵਲ ਏਜੰਟ ਲਸੰਸ ਰੱਦ ਹੋਣ ਦੀ ਤਰੀਕ ਤੋਂ ਪਹਿਲਾਂ ਦੇ ਕਾਰਜਾਂ, ਉਕਾਈਆਂ ਅਤੇ ਵਧੀਕੀਆਂ ਲਈ ਉਤਰਦਾਈ ਹੋਵੇਗਾ ਅਤੇ ਉਸ ਵਿਰੁੱਧ ਇਸ ਐਕਟ ਦੇ ਉਪਬੰਧਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

ਸ਼ਕਤਵਾਨ ਅਥਾਰਟੀ ਦੇ ਹੁਕਮ ਵਿਰੁੱਧ ਅਪੀਲ।

9. ਸ਼ਕਤਵਾਨ ਅਥਾਰਟੀ ਦੁਆਰਾ ਲਸੰਸ ਜਾਰੀ ਕਰਨ ਦੀ ਦਰਖ਼ਾਸਤ ਨੂੰ ਰੱਦ ਕਰਨ ਜਾਂ ਲਸੰਸ ਦੇ ਕਿਸੇ ਨਿਬੰਧਨ ਜਾਂ ਸ਼ਰਤ ਦੀ ਪਾਲਣਾ ਕਰਨ ਜਾਂ ਲਸੰਸ ਨੂੰ ਮੁਅੱਤਲ ਜਾਂ ਰੱਦ ਕਰਨ ਜਾਂ ਨਵਿਆਉਣ ਤੋਂ ਇਨਕਾਰ ਕਰਨ ਤੋਂ ਪਾਸ ਕੀਤੇ ਹੁਕਮ ਜਾਂ ਕਿਸੇ ਹੋਰ ਹੁਕਮ ਤੋਂ ਦੁਖਤ ਕੋਈ ਵਿਅਕਤੀ, ਅਜਿਹੇ ਹੁਕਮ ਦੇ ਵਿਰੁੱਧ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ ਨੂੰ ਅਜਿਹੀ ਮੁਦੱਤ ਅੰਦਰ ਅਪੀਲ ਕਰ ਸਕੇਗਾ, ਜੋ ਮੁਕੱਰਰ ਕੀਤੀ ਜਾਵੇ।

ਥਾਂ ਦੀ ਤਲਾਸ਼ੀ ਲੈਣ, ਵਾਹਨ ਨੂੰ ਜ਼ਬਤ ਕਰਨ ਅਤੇ ਵਿਅਕਤੀਆਂ ਨੂੰ ਗ੍ਰਿਫਤਾਰ ਕਰਨ ਦੀ ਸ਼ਕਤੀ।

10. (1) ਜਦੋਂ ਡਿਪਟੀ ਕਮਿਸ਼ਨਰ ਨੂੰ ਪਹਿਲੀ ਵਾਰ ਸ਼ਿਕਾਇਤ ਪ੍ਰਾਪਤ ਹੁੰਦੀ ਹੈ ਤਾਂ ਉਹ ਖ਼ੁਦ ਇਸਦੀ ਤਸਦੀਕ ਕਰ ਸਕੇਗਾ ਜਾਂ ਸਬੰਧਤ ਵਧੀਕ ਡਿਪਟੀ ਕਮਿਸ਼ਟਰ ਜਾਂ ਉਪ-ਮੰਡਲ ਮੈਜਿਸਟਰੇਟ ਤੋਂ ਇਸ ਦੀ ਤਸਦੀਕ ਕਰਵਾ ਸਕੇਗਾ।

(2) ਜੇ ਕੋਈ ਕਾਰਜਕਾਰੀ ਮੈਜਿਸਟਰੇਟ, ਜੋ ਉਪ-ਮੰਡਲ ਮੈਜਿਸਟਰੇਟ ਦੇ ਰੈਂਕ ਤੋਂ ਥੱਲੇ ਦਾ ਨ ਹੋਵੇ, ਜਾਂ ਗਜ਼ਟਡ ਪੁਲਿਸ ਅਧਿਕਾਰੀ ਜੋ ਡਿਪਟੀ ਕਮਿਸ਼ਨਰ ਪੁਲਿਸ ਦੇ ਰੈਂਦ ਤੋਂ ਥੱਲੇ ਦਾ ਨ ਹੋਵੇ, ਜਾਂ ਰਾਜ ਸਰਕਾਰ ਦੁਆਰਾ ਇਸ ਨਮਿੱਤ ਵਿਸ਼ੇਸ਼ ਹੁਕਮ ਦੁਆਰਾ ਅਧਿਕਾਰਤ ਕੋਈ ਹੋਰ ਅਧਿਕਾਰੀ ਕੋਲ ਆਪਣੀ ਨਿੱਜੀ ਜਾਣਕਾਰੀ ਜਾਂ ਉਸ ਨੂੰ ਕਿਸੇ ਵਿਅਕਤੀ ਦੁਆਰਾ ਦਿੱਤੀ ਗਈ ਅਤੇ ਲਿਖਤੀ ਰੂਪ ਵਿੱਚ ਲਈ ਗਈ ਜਾਣਕਾਰੀ ਦੇ ਆਧਾਰ ਤੇ ਇਹ ਵਿਸ਼ਵਾਸ ਕਰਨ ਲਈ ਕਾਰਨ ਹੋਵੇ ਕਿ ਕੋਈ ਦਸਤਾਵੇਜ ਜਿਸ ਬਾਰੇ ਇਸ ਐਕਟ ਅਧੀਨ ਸਜ਼ਾਯੋਗ ਅਪਰਾਧ ਕੀਤਾ ਗਿਆ ਹੋਵੇ ਜਾਂ ਕੋਈ ਦਸਤਾਵੇਜ ਜਾਂ ਹੋਰ ਵਸਤੂ, ਜੋ ਅਜਿਹੇ ਅਪਰਾਧ ਦੇ ਕੀਤੇ ਜਾਣ, ਦਾ ਸਬੂਤ ਦੇ ਸਕਦਾ ਹੋਵੇ, ਕਿਸੇ ਇਮਾਰਤ, ਵਾਹਨ ਜਾਂ ਥਾਂ ਵਿੱਚ ਰੱਖੀ ਗਈ ਹੈ ਜਾਂ ਛੁਪਾਈ ਗਈ ਹੈ, ਤਾਂ ਉਹ ਕਿਸੇ ਵੀ ਸਮੇਂ-

(ੳ) ਅਜਿਹੀ ਕਿਸੇ ਇਮਾਰਤ, ਵਾਹਨ ਜਾਂ ਸਥਾਨ ਵਿੱਚ ਪ੍ਰਵੇਸ਼ ਕਰ ਸਕੇਗਾ ਅਤੇ ਤਲਾਸ਼ੀ ਲੈ ਸਕੇਗਾ;

(ਅ) ਕਿਸੇ ਘਰ ਦਾ ਕੋਈ ਦਰਵਾਜਾ ਜਾਂ ਖਿੜਕੀ ਤੋੜ ਕੇ ਖੋਲ੍ਹ ਸਕਦਾ ਹੈ, ਅਤੇ ਕਿਸੇ ਮਜ਼ਾਹਮਤ ਦੀ ਸੂਰਤ ਵਿੱਚ ਅਜਿਹੇ ਪ੍ਰਵੇਸ਼ ਵਿੱਚ ਆ ਰਹੀ ਕਿਸੇ ਰੁਕਾਵਟ ਨੂੰ ਹਟਾ ਸਕੇਗਾ;

(ੲ) ਕਿਸੇ ਵੀ ਦਸਤਾਵੇਜ ਨੂੰ ਘੜਨ ਲਈ ਵਰਤੇ ਗਏ ਦਸਤਾਵੇਜ਼ ਜਾਂ ਪਦਾਰਥ ਜਾਂ ਸਮੱਗਰੀ ਨੂੰ ਜਿਸ ਬਾਰੇ ਉਸ ਕੋਲ ਇਹ ਵਿਸ਼ਵਾਸ ਕਰਨ ਦਾ ਕਾਰਨ ਹੈ ਕਿ ਉਹ ਇਸ ਐਕਟ ਦੇ ਅਧੀਨ ਜ਼ਬਤ ਕੀਤੇ ਜਾਣ ਦੇ ਭਾਗੀ ਹੈ ਅਤੇ ਕਿਸੇ ਹੋਰ ਦਸਤਾਵੇਜ਼ ਜਾਂ ਵਸਤੂ ਨੂੰ ਜਿਸ ਬਾਰੇ ਉਸ ਕੋਲ ਇਹ ਵਿਸ਼ਵਾਸ ਕਰਨ ਦਾ ਕਾਰਨ ਹੈ ਕਿ ਇਹ ਇਸ ਐਕਟ ਦੇ ਅਧੀਨ ਸਜ਼ਾਯੋਗ ਕਿਸੇ ਅਪਰਾਧ ਕੀਤੇ ਜਾਣ ਦਾ ਸਬੂਤ ਪੇਸ਼ ਕਰ ਸਕਦੀ ਹੈ, ਜ਼ਬਤ ਕਰ ਸਕੇਗਾ; ਅਤੇ

(ਸ) ਕਿਸੇ ਵਿਅਕਤੀ ਨੂੰ, ਜਿਸ ਬਾਰੇ ਉਸ ਕੋਲ ਵਿਸ਼ਵਾਸ ਕਰਨ ਦਾ ਕਾਰਨ ਹੋਵੇ ਕਿ ਉਸਨੇ ਇਸ ਐਕਟ ਦੇ ਅਧੀਨ ਸਜ਼ਾਯੋਗ ਕੋਈ ਅਪਰਾਧ ਕੀਤਾ ਹੋਵੇ, ਹਿਰਾਸਤ ਵਿੱਚ ਲੈ ਸਕੇਗਾ ਅਤੇ ਉਸਦੀ ਤਲਾਸ਼ੀ ਲੈ ਸਕੇਗਾ, ਅਤੇ ਜੇ ਉਹ ਉਚਿਤ ਸਮਝੇ ਤਾਂ ਗ੍ਰਿਫਤਾਰ ਕਰ ਸਕੇਗਾ।

11. ਇੱਕ ਪੁਲਿਸ ਅਧਿਕਾਰੀ, ਜੋ ਡਿਪਟੀ ਸੁਪਰਡੰਟ ਪੁਲਿਸ ਦੇ ਰੈਂਕ ਤੋਂ ਥੱਲੇ ਦਾ ਨ ਹੋਵੇ, ਤਫਤੀਸ਼ ਕਰੇਗਾ, ਜੋ ਉਸ ਦੁਆਰਾ ਕਿਸੇ ਵੀ ਵਿਅਕਤੀ ਦੁਆਰਾ ਉਸਨੂੰ ਦਿੱਤੀ ਗਈ ਜਾਣਕਾਰੀ ਦੀ ਤਰੀਕ ਤੋਂ ਦੋ ਮਹੀਨਿਆਂ ਦੀ ਮੁਦੱਤ ਅੰਦਰ ਪੂਰੀ ਕੀਤੀ ਜਾਵੇਗੀ। ਸੁਪਰਡੰਟ ਪੁਲਿਸ ਦੇ ਰੈਂਕ ਦਾ ਪੁਲਿਸ ਅਧਿਕਾਰੀ ਤਫਤੀਸ਼ ਅਧਿਕਾਰੀ ਦੁਆਰਾ ਕੀਤੀ ਗਈ ਤਫ਼ਤੀਸ਼ ਨੂੰ ਤਸਦੀਕ ਕਰੇਗਾ। ਇਕ ਅਧਿਕਾਰੀ, ਜੋ ਸੀਨੀਅਰ ਸੁਪਰਡੰਟ ਪੁਲਿਸ ਦੇ ਰੈਂਕ ਤੋਂ ਥੱਲੇ ਦਾ ਨ ਹੋਵੇ, ਇਸ ਐਕਟ ਦੇ ਅਧੀਨ ਕੀਤੀਆਂ ਜਾਣ ਵਾਲੀਆਂ ਸਾਰੀਆਂ ਤਫ਼ਤੀਸ਼ਾਂ ਲਈ ਨੋਡਲ ਅਫ਼ਸਰ ਵਜੋਂ ਕੰਮ ਕਰੇਗਾ। ਤਫਤੀਸ਼ ਕਰਨ ਦੀ ਸ਼ਕਤੀ।

12. ਇਸ ਐਕਟ ਅਧੀਨ ਅਪਰਾਧਾਂ ਦੇ ਵਿਚਾਰਣ ਵਿੱਚ, ਅਦਾਲਤ ਇਹ ਨਿਰਣਾ ਕਰੇਗੀ ਕਿ ਕੋਈ ਗੈਰ ਕਾਨੂੰਨੀ ਤੌਰ ਤੇ ਅਰਜਤ ਕੀਤੀ ਸੰਪਤੀ, ਭਾਵੇਂ ਉਹ ਚੁੱਕਵੀਂ ਹੋਵੇ ਜਾਂ ਅਚੁੱਕਵੀ ਹੋਵੇ, ਜਬਤ ਕੀਤੇ ਜਾਣ ਦੇ ਭਾਗੀ ਹੈ ਜਾਂ ਨ, ਅਤੇ ਜੇ ਇਹ ਨਿਰਣਾ ਲੈਂਦੀ ਹੈ ਕਿ ਸੰਪਤੀ ਅਜਿਹੇ ਤੌਰ ਤੇ ਭਾਗੀ ਹੈ, ਤਾਂ ਉਹ ਮੁਕੱਰਰ ਕੀਤੇ ਤਰੀਕੇ ਨਾਲ ਉਸ ਸੰਪਤੀ ਨੂੰ ਜ਼ਬਤ ਕਰਨ ਦਾ ਹੁਕਮ ਦੇ ਸਕੇਗੀ। ਜ਼ਬਤੀ ਕਰਨ ਦਾ ਜ਼ਾਬਤਾ।

13. (1) ਜੋ ਕੋਈ, ਇਸ ਐਕਟ ਦੇ ਉਪਬੰਧਾਂ ਦੀ ਉਲੰਘਣਾ ਕਰਦਾ ਹੈ ਤਾਂ ਮਨੁੱਖੀ ਤਸਕਰੀ ਲਈ ਯੰਤਰ ਰੱਖਦਾ ਜਾਂ ਵਰਤੋਂ ਕਰਦਾ ਹੈ, ਉਸ ਨੂੰ ਉਸ ਮੁਦੱਤ ਦੀ ਕੈਦ ਦੀ ਸਜ਼ਾ, ਜੋ ਕਿ ਜ਼ੁਰਮ ਜਾਂ ਕੀਤੇ ਗਏ ਅਪਰਾਧਾਂ ਦੇ ਅਧਾਰ ਤੇ ਸੱਤ ਸਾਲ ਤੱਕ ਵਧਾਈ ਜਾ ਸਕੇਗੀ ਅਤੇ ਜੁਰਮਾਨਾ ਜੋ ਕਿ ਪੰਜ ਲੱਖ ਰੁਪਏ ਤੱਕ ਵਧਾਇਆ ਸਕੇਗਾ, ਨਾਲ ਦੰਡਤ ਕੀਤਾ ਜਾਵੇਗਾ। ਡੰਨ।

(2) ਜੋ ਕੋਈ ਇਸ ਐਕਟ ਦੇ ਅਧੀਨ ਸਜ਼ਾਯੋਗ ਕੋਈ ਅਪਰਾਧ ਕਰਨ ਦੀ ਕੋਸ਼ਿਸ਼ ਕਰਦਾ ਹੈ ਜਾਂ ਅਜਿਹਾ ਅਪਰਾਧ ਕੀਤਾ ਜਾਣਾ ਕਾਰਤ ਕਰਦਾ ਹੈ ਅਤੇ ਅਜਿਹੀ ਕੋਸ਼ਿਸ਼ ਵਿੱਚ, ਅਪਰਾਧ ਕੀਤੇ ਜਾਣ ਪ੍ਰਤੀ ਕੋਈ ਕਾਰਜ ਕਰਦਾ ਹੈ, ਤਾਂ ਉਹ ਇਸ ਐਕਟ ਅਧੀਨ ਅਪਰਾਧ ਕੀਤੇ ਜਾਣ ਲਈ ਉਲਿਖਤ ਸਜ਼ਾ ਦਾ ਭਾਗੀ ਹੋਵੇਗਾ।

(3) ਜੋ ਕੋਈ ਵੀ ਇਸ ਐਕਟ ਦੇ ਅਧੀਨ ਸਜ਼ਾਯੋਗ ਕਿਸੇ ਅਪਰਾਧ ਨੂੰ ਕਰਨ ਲਈ ਸ਼ਹਿ ਦਿੰਦਾ ਹੈ ਜਾਂ ਅਪਰਾਧਕ ਸਾਜਸ਼ ਵਿੱਚ ਸ਼ਰੀਕ ਹੁੰਦਾ ਹੈ, ਜੇ ਉਹ ਅਪਰਾਧ ਅਜਿਹੀ ਸ਼ਹਿ ਜਾਂ ਅਪਰਾਧਕ ਸਾਜ਼ਸ਼ ਦੇ ਨਤੀਜੇ ਵਜੋਂ ਨਾ ਕੀਤਾ ਜਾਵੇ, ਤਾਂ ਉਹ ਅਜਿਹੀ ਕੈਦ ਦੀ ਅਉਧ ਨਾਲ ਦੰਡਤ ਕੀਤਾ ਜਾਵੇਗਾ ਜੋ ਇਸ ਐਕਟ ਅਧੀਨ ਅਜਿਹੇ ਅਪਰਾਧ ਲਈ ਉਪਬੰਧਤ ਸਭ ਤੋਂ ਲੰਮੀ ਅਉਧ ਦੇ ਚੌਥੇ ਹਿੱਸੇ ਤੱਕ ਦੀ ਅਉਧ ਦੀ ਸਜ਼ਾ ਹੋ ਸਕੇਗੀ ਅਤੇ ਜੁਰਮਾਨੇ ਨਾਲ ਦੰਡਤ ਕੀਤਾ ਜਾਵੇਗਾ।

(4) ਜੋ ਕੋਈ, ਇਸ ਐਕਟ ਦੇ ਕਿਸੇ ਵੀ ਉਪਬੰਧ ਅਧੀਨ ਇੱਕ ਅਪਰਾਧ ਲਈ ਸਿੱਧ-ਦੋਸ਼ ਠਹਿਰਾਇਆ ਗਿਆ ਹੋਵੇ, ਉਸ ਉਪਬੰਧ ਅਧੀਨ ਮੁੜ ਸਿੱਧ-ਦੋਸ਼ ਠਹਿਰਾਇਆ ਜਾਂਦਾ ਹੈ, ਤਾਂ ਉਹ ਦੂਜੇ ਅਤੇ ਹਰੇਕ ਉਤਰਵਰਤੀ ਅਪਰਾਧ ਲਈ, ਉਸ ਅਪਰਾਧ ਲਈ ਉਪਬੰਧਤ ਕੀਤੇ ਗਏ ਡੰਨ ਤੋਂ ਦੁੱਗਣੇ ਡੰਨ ਦੇ ਨਾਲ ਸਜ਼ਾਯੋਗ ਹੋਵੇਗਾ।

ਮੁਆਵਜ਼ਾ ਦੇਣਾ।

14. ਕੋਈ ਡੰਨ ਅਰੋਪਣ ਤੋਂ ਇਲਾਵਾ, ਜਿਵੇਂ ਧਾਰਾ 13 ਵਿੱਚ ਉਪਬੰਧਤ ਕੀਤਾ ਗਿਆ ਹੈ, ਅਦਾਲਤ ਦੁਖਤ ਵਿਅਕਤੀ ਨੂੰ ਟਰੈਵਲ ਏਜੰਟ ਦੁਆਰਾ ਅਦਾ ਕੀਤੇ ਜਾਣ ਵਾਲੇ ਮੁਆਵਜੇ ਦੀ ਇੱਕ ਵਾਜਬ ਰਕਮ ਵੀ ਦੇ ਸਕੇਗੀ।

ਕੰਪਨੀਆਂ ਦੁਆਰਾ ਅਪਰਾਧ।

15. (1) ਜੇ ਇਸ ਐਕਟ ਅਧੀਨ ਸਜਾਯੋਗ ਅਪਰਾਧ ਕਰਨ ਵਾਲਾ ਵਿਅਕਤੀ ਇੱਕ ਕੰਪਨੀ ਹੈ, ਉਥੇ ਹਰੇਕ ਵਿਅਕਤੀ, ਜੋ ਅਪਰਾਧ ਕੀਤੇ ਜਾਣ ਸਮੇਂ ਇਸਦੇ ਕਾਰੋਬਾਰ ਦੇ ਸੰਚਾਲਣ ਲਈ ਕੰਪਨੀ ਦਾ ਇੰਚਰਾਜ ਸੀ, ਅਤੇ ਉਸ ਪ੍ਰਤੀ ਉਤਰਦਾਈ ਸੀ, ਨਾਲ ਉਹ ਕੰਪਨੀ, ਉਸ ਅਪਰਾਧ ਦੇ ਦੋਸ਼ੀ ਸਮਝੇ ਜਾਣਗੇ ਅਤੇ ਉਸ ਅਨੁਸਾਰ ਆਪਣੇ ਵਿਰੁੱਧ ਕਾਰਵਾਈ ਕੀਤੇ ਜਾਣ ਅਤੇ ਸਜ਼ਾ ਦਿੱਤੇ ਜਾਣ ਦੇ ਭਾਗੀ ਹੋਣਗੇ:

ਪਰੰਤੂ ਇਸ ਉਪ-ਧਾਰਾ ਵਿੱਚ ਦਰਜ ਕੋਈ ਗੱਲ ਅਜਿਹੇ ਕਿਸੇ ਵਿਅਕਤੀ ਨੂੰ ਇਸ ਐਕਟ ਵਿੱਚ ਉਪਬੰਧਤ ਕਿਸੇ ਸਜ਼ਾ ਦਾ ਭਾਗੀ ਨਹੀਂ ਬਣਾਏਗੀ, ਜੇ ਉਹ ਸਾਬਤ ਕਰ ਦਿੰਦਾ ਹੈ ਕਿ ਅਪਰਾਧ ਉਸਦੀ ਜਾਣਕਾਰੀ ਤੋਂ ਬਿਨਾਂ ਕੀਤਾ ਗਿਆ ਸੀ ਜਾਂ ਉਸਨੇ ਅਜਿਹੇ ਅਪਰਾਧ ਦੇ ਕੀਤੇ ਜਾਣ ਨੂੰ ਰੋਕਣ ਲਈ ਪੂਰੀ ਯੋਗ ਤਨਦਿਹੀ ਦੀ ਵਰਤੋਂ ਕੀਤੀ ਸੀ।

(2) ਉਪ-ਧਾਰਾ (1) ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਜਿੱਥੇ ਇਸ ਐਕਟ ਅਧੀਨ ਕੋਈ ਅਪਰਾਧ ਕਿਸੇ ਕੰਪਨੀ ਦੁਆਰਾ ਕੀਤਾ ਗਿਆ ਹੈ ਅਤੇ ਇਹ ਸਾਬਤ ਹੋ ਜਾਂਦਾ ਹੈ ਕਿ ਉਹ ਅਪਰਾਧ ਕੰਪਨੀ ਦੇ ਕਿਸੇ ਡਾਇਰੈਕਟਰ, ਮੈਨੇਜਰ ਜਾਂ ਸਕੱਤਰ ਜਾਂ ਕਿਸੇ ਹੋਰ ਅਧਿਕਾਰੀ ਦੀ ਸੰਮਤੀ ਜਾਂ ਅਣਡਿੱਠਤਾ ਨਾਲ ਕੀਤਾ ਗਿਆ ਹੈ ਜਾਂ ਉਸ ਦੀ ਕਿਸੇ ਅਣਗਿਹਲੀ ਕਾਰਨ ਹੋਇਆ ਮੰਨਿਆ ਜਾ ਸਕਦਾ ਹੈ, ਉਥੇ ਅਜਿਹਾ ਡਾਇਰੈਕਟਰ, ਮੈਨੇਜਰ, ਸਕੱਤਰ ਜਾਂ ਕੋਈ ਹੋਰ ਅਧਿਕਾਰੀ ਵੀ ਉਸ ਅਪਰਾਧ ਦਾ ਦੋਸ਼ੀ ਸਮਝਿਆ ਜਾਵੇਗਾ ਅਤੇ ਉਸ ਅਨੁਸਾਰ ਆਪਣੇ ਵਿਰੁੱਧ ਕਾਰਵਾਈ ਕੀਤੇ ਜਾਣ ਅਤੇ ਸਜ਼ਾ ਦਿੱਤੇ ਜਾਣ ਦਾ ਭਾਗੀ ਹੋਵੇਗਾ।

ਵਿਆਖਿਆ- ਇਸ ਧਾਰਾ ਦੇ ਪ੍ਰਯੋਜਨ ਲਈ-

(ੳ) "ਕੰਪਨੀ" ਦਾ ਮਤਲਬ ਹੈ ਕੋਈ ਨਿਗਮਤ ਬੌਡੀ ਅਤੇ ਇਸ ਵਿੱਚ ਕੋਈ ਫਰਮ ਜਾਂ ਵਿਅਕਤੀਆਂ ਦੀ ਹੋਰ ਸਭਾ ਸ਼ਾਮਲ ਹੈ; ਅਤੇ

(ਅ) "ਡਾਇਰੈਕਟਰ" ਦਾ ਇੱਕ ਫਰਮ ਦੇ ਸਬੰਧ ਵਿੱਚ ਮਤਲਬ ਹੈ, ਉਸ ਫ਼ਰਮ ਵਿੱਚ ਕੋਈ ਭਾਈਵਾਲ।

16. ਜੋ ਕੋਈ ਕਿਸੇ ਲੋਕ ਸੇਵਕ ਨੂੰ ਕੋਈ ਅਜਿਹੀ ਇਤਲਾਹ, ਜਿਸਦੇ ਝੂਠਾ ਹੋਣ ਦਾ ਉਸਨੂੰ ਗਿਆਨ ਜਾਂ ਵਿਸ਼ਵਾਸ ਹੈ, ਇਸ ਇਰਾਦੇ ਨਾਲ ਦਿੰਦਾ ਹੈ ਕਿ ਉਹ ਉਸ ਲੋਕ ਸੇਵਕ ਨੂੰ ਪ੍ਰੇਰਤ ਕਰੇ ਜਾਂ ਇਹ ਸੰਭਾਵੀ ਜਾਣਦੇ ਹੋਏ ਦਿੰਦਾ ਹੈ ਕਿ ਉਹ ਉਸ ਨੂੰ ਉਸ ਦੇ ਦੁਆਰਾ ਪ੍ਰੇਰਤ ਕਰੇਗਾ ਕਿ ਉਹ ਲੋਕ ਸੇਵਕ- ਇਸ ਇਰਾਦੇ ਨਾਲ ਝੂਠੀ ਇਤਲਾਹ ਦੇਣਾ ਕਿ ਲੋਕ ਸੇਵਕ ਆਪਣੀ ਕਾਨੂੰਨ-ਪੂਰਨ ਸ਼ਕਤੀ ਜਾਂ ਅਥਾਰਟੀ ਦੀ ਵਰਤੋਂ ਦੂਜੇ ਵਿਅਕਤੀ ਨੂੰ ਹਾਨੀ ਕਾਰਤ ਕਰੇ ।

(ੳ) ਕੋਈ ਅਜਿਹੀ ਗੱਲ ਕਰੇ ਜਾਂ ਕਰਨ ਦਾ ਲੋਪ ਕਰੇ ਜਿਸਨੂੰ ਉਹ ਲੋਕ ਸੇਵਕ, ਜੋ ਉਸ ਨੂੰ ਉਸ ਸਬੰਧ ਵਿੱਚ, ਜਿਸ ਦੇ ਬਾਰੇ ਅਜਿਹੀ ਇਤਲਾਹ ਦਿੱਤੀ ਗਈ ਹੈ, ਤੱਥਾਂ ਦੀ ਸਹੀ ਹਾਲਤ ਦਾ ਪਤਾ ਹੁੰਦਾ ਤਾਂ ਨਾ ਕਰਦਾ ਜਾਂ ਕਰਨ ਦਾ ਲੋਪ ਨਾ ਕਰਦਾ; ਜਾਂ

(ਅ) ਅਜਿਹੇ ਲੋਕ ਸੇਵਕ ਦੀ ਕਾਨੂੰਨ-ਪੂਰਨ ਸ਼ਕਤੀ ਦੀ ਵਰਤੋਂ ਕਰੇ ਜਿਸ ਵਰਤੋਂ ਨਾਲ ਕਿਸੇ ਵਿਅਕਤੀ ਨੂੰ ਹਾਨੀ ਜਾਂ ਖਿਝ ਹੋਵੇ, ਉਹ ਕੈਦ ਨਾਲ ਜਿਸ ਦੀ ਮਿਆਦ ਛੇ ਮਹੀਨੇ ਤੱਕ ਦੀ ਹੋ ਸਕੇਗੀ ਅਤੇ ਜੁਰਮਾਨੇ ਨਾਲ ਦੰਡਿਤ ਕੀਤਾ ਜਾਵੇਗਾ।

17. ਇਸ ਐਕਟ ਅਧੀਨ ਕਿਸੇ ਅਪਰਾਧ ਲਈ ਸਜਾ, ਅਜਿਹੇ ਅਪਰਾਧ ਬਾਰੇ ਇਸ ਐਕਟ ਅਧੀਨ ਕੀਤੀ ਗਈ ਜਾਂ ਕੀਤੀ ਜਾਣ ਵਾਲੀ ਕੋਈ ਹੋਰ ਕਾਰਵਾਈ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ ਹੋਵੇਗੀ। ਕਿਸੇ ਹੋਰ ਕਾਰਵਾਈ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ ਸਜ਼ਾ ।

18. (1) ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਨਿਯਮ ਬਣਾ ਸਕੇਗੀ। ਨਿਯਮ ਬਣਾਉਣ ਦੀ ਸ਼ਕਤੀ ।

(2) ਖਾਸ ਕਰਕੇ, ਅਤੇ ਪੂਰਵਗਾਮੀ ਸ਼ਕਤੀ ਦੀ ਵਿਆਪਕਤਾ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਅਜਿਹੇ ਨਿਯਮ ਹੇਠ-ਲਿਖੇ ਸਾਰਿਆਂ ਜਾਂ ਕਿਸੇ ਮਾਮਲੇ ਲਈ ਉਪਬੰਧ ਕਰ ਸਕਣਗੇ, ਅਰਥਾਤ:-

(ੳ) ਧਾਰਾ 4 ਦੀ ਉਪ-ਧਾਰਾ (1) ਅਧੀਨ ਢੰਗ, ਫੀਸ ਅਤੇ ਦਸਤਾਵੇਜ਼ ਮੁਕੱਰਰ ਕਰਨਾ;

(ਅ) ਧਾਰਾ 4 ਦੀ ਉਪ-ਧਾਰਾ (2) ਅਧੀਨ ਲਸੰਸ ਦਾ ਰੂਪ ਮੁਕੱਰਰ ਕਰਨਾ;

(ੲ) ਧਾਰਾ 4 ਦੀ ਉਪ-ਧਾਰਾ (4) ਅਧੀਨ ਲਸੰਸ ਦੇ ਨਵਿਆਉਣ ਦਾ ਢੰਗ ਮੁਕੱਰਰ ਕਰਨਾ;

(ਸ) ਧਾਰਾ 12 ਅਧੀਨ ਸੰਪਤੀ ਦੀ ਜ਼ਬਤੀ ਲਈ ਢੰਗ ਮੁਕੱਰਰ ਕਰਨਾ; ਅਤੇ

(ਹ) ਕੋਈ ਹੋਰ ਮਾਮਲਾ, ਜੋ ਮੁਕੱਰਰ ਕੀਤਾ ਜਾਣਾ ਚਾਹੀਦਾ ਹੈ ਜਾਂ ਕੀਤਾ ਜਾਵੇ।

(3) ਇਸ ਐਕਟ ਅਧੀਨ ਬਣਾਇਆ ਗਿਆ ਹਰੇਕ ਨਿਯਮ, ਉਸਦੇ ਬਣਾਏ ਜਾਣ ਪਿੱਛੋਂ ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਸਦਨ ਅੱਗੇ, ਜਦ ਉਹ ਦਸ ਦਿਨਾਂ ਦੀ ਕੁੱਲ ਮੁੱਦਤ ਲਈ ਇਜਲਾਸ ਵਿੱਚ ਹੈ, ਰੱਖਿਆ ਜਾਵੇਗਾ, ਜੋ ਇੱਕ ਇਜਲਾਸ ਵਿੱਚ ਜਾਂ ਦੋ ਜਾਂ ਵੱਧ ਕ੍ਰਮਵਰਤੀ ਇਜਲਾਸਾਂ ਵਿੱਚ ਪੂਰੀ ਹੋ ਸਕੇਗੀ, ਅਤੇ ਜੇ, ਇਸ ਇਜਲਾਸ ਦੇ, ਜਿਸ ਵਿੱਚ ਉਹ ਇਸ ਤਰ੍ਹਾਂ ਰੱਖਿਆ ਜਾਂਦਾ ਹੈ ਜਾਂ ਉਪਰੋਕਤ ਕ੍ਰਮਵਰਤੀ ਇਜਲਾਸਾਂ ਦੇ ਗੁਜ਼ਰਨ ਤੋਂ ਪਹਿਲਾਂ, ਸਦਨ ਉਸ ਨਿਯਮ ਵਿਚ ਕੋਈ ਰੂਪਭੇਦ ਕਰਨ ਲਈ ਸਹਿਮਤ ਹੋ ਜਾਂਦਾ ਹੈ, ਜਾਂ ਸਦਨ ਸਹਿਮਤ ਹੋ ਜਾਂਦਾ ਹੈ, ਕਿ ਨਿਯਮ ਨਹੀਂ ਬਣਾਇਆ ਜਾਣਾ ਚਾਹੀਦਾ, ਤਾਂ ਉਹ ਨਿਯਮ ਉਸ ਤੋਂ ਪਿੱਛੋਂ, ਕੇਵਲ ਅਜਿਹੇ ਰੂਪਭੇਦ ਕੀਤੇ ਰੂਪ ਵਿਚ ਹੀ ਪ੍ਰਭਾਵੀ ਹੋਵੇਗਾ ਜਾਂ, ਜਿਹੀ ਕਿ ਸੂਰਤ ਹੋਵੇ, ਪ੍ਰਭਾਵੀ ਨਹੀਂ ਹੋਵੇਗਾ, ਐਪਰ, ਅਜਿਹੇ ਕਿਸੇ ਰੂਪਭੇਦ ਜਾਂ ਬਾਤਲਕਰਣ ਦਾ ਉਸ ਨਿਯਮ ਅਧੀਨ ਪਹਿਲਾਂ ਕੀਤੀ ਗਈ ਕਿਸੇ ਗੱਲ ਜਾਂ ਉਕਾਈ ਦੀ ਜਾਇਜ਼ਤਾ 'ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਵੇਗਾ।

ਹੋਰ ਕਾਨੂੰਨਾਂ ਦਾ ਪ੍ਰਭਾਵ ।

19. (1) ਇਸ ਐਕਟ ਦੇ ਉਪਬੰਧ ਅਤੇ ਇਸ ਅਧੀਨ ਬਣਾਏ ਗਏ ਨਿਯਮ, ਤੱਤਸਮੇਂ ਨਾਫ਼ਜ ਕਿਸੇ ਹੋਰ ਕਾਨੂੰਨ ਵਿੱਚ ਜਾਂ ਕਿਸੇ ਹੋਰ ਕਾਨੂੰਨ ਦੇ ਆਧਾਰ 'ਤੇ ਪ੍ਰਭਾਵ ਰੱਖਣ ਵਾਲੇ ਕਿਸੇ ਕਰਾਰ ਜਾਂ ਹੋਰ ਲਿਖਤ ਵਿੱਚ ਦਰਜ ਕਿਸੇ ਗੱਲ ਦੇ ਅਸੰਗਤ ਹੁੰਦਿਆਂ ਹੋਇਆਂ ਵੀ, ਪ੍ਰਭਾਵੀ ਹੋਣਗੇ।

(2) ਉਪ-ਧਾਰਾ (1) ਵਿੱਚ ਉਪਬੰਧਤ ਨੂੰ ਛੱਡ ਕੇ, ਇਸ ਐਕਟ ਦੇ ਉਪਬੰਧ, ਤੱਤਸਮੇਂ ਨਾਫ਼ਜ ਕਿਸੇ ਹੋਰ ਕਾਨੂੰਨ ਤੋਂ ਇਲਾਵਾ, ਅਤੇ ਨ ਕਿ ਉਨ੍ਹਾਂ ਦਾ ਅਲਪਣ ਕਰਨ ਵਾਲੇ ਹੋਣਗੇ।

ਡੈਲੀਗੇਟ ਕਰਨਾ ।

20. ਰਾਜ ਸਰਕਾਰ, ਅਧਿਸੂਚਨਾ ਦੁਆਰਾ, ਇਹ ਨਿਰਦੇਸ਼ ਦੇ ਸਕੇਗੀ ਕਿ ਕੋਈ ਸ਼ਕਤੀ ਜਾਂ ਕਾਜਕਾਰ, ਜੋ ਇਸ ਐਕਟ ਜਾਂ ਇਸਦੇ ਅਧੀਨ ਬਣਾਏ ਗਏ ਨਿਯਮਾਂ ਦੇ ਅਧੀਨ ਉਸ ਦੁਆਰਾ ਜਾਂ ਸ਼ਕਤਵਾਨ ਅਥਾਰਟੀ ਦੁਆਰਾ ਵਰਤੀ ਜਾਂ ਨਿਭਾਇਆ ਜਾ ਸਕਦਾ ਹੈ, ਅਜਿਹੇ ਮਾਮਲਿਆਂ ਦੇ ਸਬੰਧ ਵਿੱਚ ਅਤੇ ਅਜਿਹੀਆਂ ਸ਼ਰਤਾਂ ਦੇ ਤਾਬੇ, ਜੇ ਕੋਈ ਹੋਣ, ਉਸਦੇ ਅਧੀਨ ਅਧਿਕਾਰੀ ਜਾਂ ਅਥਾਰਟੀ ਦੁਆਰਾ ਵੀ ਵਰਤੀ ਜਾਂ ਨਿਭਾਇਆ ਜਾ ਸਕੇਗਾ, ਜਿਵੇਂ ਉਸ ਅਧਿਸੂਚਨਾ ਵਿੱਚ ਉਲਿਖਤ ਕੀਤਾ ਜਾਵੇ।

ਨੇਕਨੀਤੀ ਨਾਲ ਕੀਤੀ ਕਾਰਵਾਈ ਦਾ ਬਚਾਓ ।

21. (1) ਇਸ ਐਕਟ ਜਾਂ ਇਸ ਅਧੀਨ ਬਣਾਏ ਗਏ ਨਿਯਮਾਂ ਦੇ ਉਪਬੰਧਾਂ ਦੇ ਅਨੁਸਰਣ ਵਿਚ ਨੇਕਨੀਤੀ ਨਾਲ ਕੀਤੀ ਗਈ ਜਾਂ ਕੀਤੀ ਜਾਣੀ ਚਿਤਵਤ ਕਿਸੇ ਗੱਲ ਜਾਂ ਜਾਰੀ ਕੀਤੇ ਹੁਕਮ ਲਈ ਕਿਸੇ ਵਿਅਕਤੀ ਵਿਰੁੱਧ ਕੋਈ ਦਾਵਾ, ਪ੍ਰੋਸੀਕਿਊਸ਼ਨ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਹੋ ਸਕੇਗੀ।

(2) ਇਸ ਐਕਟ ਅਧੀਨ ਸਪੱਸ਼ਟ ਤੌਰ ਤੇ ਹੋਰਵੇਂ ਉਪਬੰਧਤ ਨੂੰ ਛੱਡ ਕੇ, ਇਸ ਐਕਟ ਜਾਂ ਇਸ ਅਧੀਨ ਬਣਾਏ ਗਏ ਨਿਯਮਾਂ ਦੇ ਉਪਬੰਧਾਂ ਦੇ ਅਨੁਸਰਣ ਵਿੱਚ ਨੇਕਨੀਤੀ ਨਾਲ

ਕੀਤੀ ਗਈ ਜਾਂ ਕੀਤੀ ਜਾਣੀ ਚਿਤਵਤ ਕਿਸੇ ਗੱਲ ਜਾਂ ਜਾਰੀ ਕੀਤੇ ਹੁਕਮ ਦੁਆਰਾ ਕਾਰਤ ਜਾਂ ਸੰਭਾਵੀ ਕਾਰਤ ਨੁਕਸਾਨ ਲਈ ਰਾਜ ਸਰਕਾਰ ਵਿਰੁੱਧ ਕੋਈ ਦਾਵਾ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਹੋ ਸਕੇਗੀ।

22. (1) ਜੇ ਇਸ ਐਕਟ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਵਿੱਚ ਕੋਈ ਕਠਨਾਈ ਪੈਦਾ ਹੁੰਦੀ ਹੈ, ਤਾਂ ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਹੁਕਮ ਦੁਆਰਾ, ਇਸ ਐਕਟ ਦੇ ਉਪਬੰਧਾਂ ਨਾਲ ਅਸੰਗਤ ਨ ਹੋਣ ਵਾਲੇ, ਅਜਿਹੇ ਉਪਬੰਧ ਬਣਾ ਸਕੇਗੀ, ਜੋ ਕਠਨਾਈ ਨੂੰ ਦੂਰ ਕਰਨ ਲਈ ਜ਼ਰੂਰੀ ਜਾਂ ਹਾਲਾਤ ਅਨੁਸਾਰ ਉਚਿਤ ਪ੍ਰਤੀਤ ਹੋਣ: ਕਠਿਨਾਈਆਂ ਦੂਰ ਕਰਨ ਦੀ ਸ਼ਕਤੀ।

ਪਰੰਤੂ ਇਸ ਐਕਟ ਦੇ ਅਰੰਭ ਹੋਣ ਦੀ ਤਰੀਕ ਤੋਂ ਦੋ ਸਾਲ ਦੀ ਮੁੱਦਤ ਗੁਜ਼ਰਨ ਪਿੱਛੋਂ ਇਸ ਧਾਰਾ ਅਧੀਨ ਕੋਈ ਹੁਕਮ ਨਹੀਂ ਕੀਤਾ ਜਾਵੇਗਾ।

(2) ਇਸ ਧਾਰਾ ਅਧੀਨ ਕੀਤਾ ਗਿਆ ਹਰੇਕ ਹੁਕਮ, ਇਸਦੇ ਬਣਾਏ ਜਾਣ ਪਿੱਛੋਂ, ਜਿੰਨੀ ਛੇਤੀ ਹੋ ਸਕੇ, ਵਿਧਾਨ ਸਭਾ ਅੱਗੇ ਰੱਖਿਆ ਜਾਵੇਗਾ।

**ਬੀ.ਬੀ.ਐੱਸ. ਤੇਜੀ,**
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

*3726/5-2026/Pb. Govt. Press, S.A.S. Nagar*